A1 Roofing & Siding Ltd.
•ROOFING •SIDING •SOFFIT •STUCCO •HARDIE •FASCIA •EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਰਚਮ
# ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 12 No: 266 Website : www.punjabiakhbaar.ca Email: editor@punjabiakhbaar.ca Friday, 25 April 2025

## ਲਓ ਜੀ, ਦੇਖੋ ਹੁਣ ਪੀਅਰੇ ਪੋਲੀਵਰ ਦਾ ਚੋਣ ਪਿਟਾਰਾ ਵੀ ਖੁੱਲ ਗਿਆ ਐ !




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਵੱਲੋਂ ਉਨ੍ਹਾਂ ਦੀ ਸਰਕਾਰ ਬਣਨ ਤੇ ਕੀਤੇ ਜਾਣ ਵਾਲੇ ਖਰਚਿਆਂ ਅਤੇ ਕਟੌਤੀਆਂ ਵਾਲੇ ਪਲੈਟਫਾਰਮ ਨੂੰ ਜਾਰੀ ਕਰ ਦਿੱਤਾ ਗਿਆ ਹੈ,ਜਿਸ ਵਿੱਚ ਵਾਅਦਾ ਕੀਤਾ ਗਿਆ ਹੈ ਕਿ ਜੇਕਰ ਉਹਨਾਂ ਦੀ ਸਰਕਾਰ ਬਣਦੀ ਹੈ ਤਾਂ ਆਉਂਦੇ ਚਾਰ ਸਾਲਾਂ ਵਿੱਚ 34 ਬਿਲੀਅਨ ਡਾਲਰਾਂ ਦੇ ਨਵੇਂ ਖਰਚੇ ਕੀਤੇ ਜਾਣਗੇ ਅਤੇ ਟੈਕਸਾਂ ਵਿੱਚ 75 ਬਿਲੀਅਨ ਡਾਲਰ ਦੀ ਕਟੌਤੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜਾਰੀ ਕੀਤੇ ਗਏ ਪਲੇਟਫਾਰਮ ਵਿੱਚ ਆਖਿਆ ਗਿਆ ਹੈ ਕਿ ਇਸੇ ਸਮੇਂ ਦੌਰਾਨ 56 ਬਿਲੀਅਨ ਡਾਲਰ ਦੀ ਖਰਚਿਆਂ ਵਿੱਚ ਕਟੌਤੀ ਵੀ ਕੀਤੀ ਜਾਵੇਗੀ। ਕੰਜਰਵੇਟਿਵ ਪਾਰਟੀ ਵੱਲੋਂ ਜਾਰੀ ਕੀਤੇ ਗਏ ਇਲੈਕਸ਼ਨ ਪਲੈਟਫਾਰਮ ਵਿੱਚ ਆਖਿਆ ਗਿਆ ਹੈ ਕਿ ਉਹਨਾਂ ਦੀਆਂ ਆਰਥਿਕ ਵਿਕਾਸ ਸਬੰਧੀ ਨੀਤੀਆਂ ਨਾਲ ਸਰਕਾਰ ਦਾ ਟੈਕਸ ਰੈਵਨਿਊ ਵਧੇਗਾ ਜੋ ਕਿ 2028-29 ਤੱਕ 21 ਬਿਲੀਅਨ ਡਾਲਰ ਸਾਲਾਨਾ ਹੋ ਜਾਵੇਗਾ। ਇਸ ਪਲੇਟਫਾਰਮ ਵਿੱਚ ਸੀਬੀਸੀ ਅਤੇ ਰੇਡੀਓ ਕੈਨੇਡਾ ਨੂੰ ਦਿੱਤੀ ਜਾਣ ਵਾਲੀ ਫੰਡਿੰਗ ਬੰਦ ਕਰਨ ਦਾ ਵਾਅਦਾ ਵੀ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵਿਦੇਸ਼ੀ ਮੱਦਦ ਵਿੱਚ ਵੀ ਕਟੌਤੀ ਕੀਤੀ ਜਾਵੇਗੀ ਜੋ ਕਿ 2025-26 ਦੇ ਵਿੱਤੀ ਵਰੇ ਵਿੱਚ 1.3 ਬਿਲੀਅਨ ਦੀ ਕਟੌਤੀ ਨਾਲ ਸ਼ੁਰੂ ਹੋਵੇਗੀ ਅਤੇ ਬਾਅਦ ਵਿੱਚ 2028-29 ਤੱਕ ਇਹ ਵਧ ਕੇ 2.8 ਬਿਲੀਅਨ ਡਾਲਰ ਦੀ ਕਟੌਤੀ ਤੱਕ ਪਹੁੰਚ ਜਾਵੇਗੀ। ਪੋਲੀਵਰ ਨੇ ਵਾਅਦਾ ਕੀਤਾ ਕਿ ਉਹਨਾਂ ਵੱਲੋਂ ਆਪਣੇ ਕਾਰਜਕਾਲ ਦੌਰਾਨ ਟੈਕਸਾਂ ਵਿੱਚ ਕਿਸੇ ਤਰ੍ਹਾਂ ਦਾ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਅਜਿਹਾ ਕਰਨਾ ਪਿਆ ਤਾਂ ਇਸ ਲਈ ਰਿਫਰੈਂਡਮ ਕਰਵਾਇਆ ਜਾਵੇਗਾ। ਉਹਨਾਂ ਕਿਹਾ ਕਿ ਇਸ ਲਈ ਟੈਕਸ ਪੇਅਰ ਪ੍ਰੋਟੈਕਸ਼ਨ ਐਕਟ ਲਾਗੂ ਕੀਤਾ ਜਾਵੇਗਾ ਅਤੇ ਕਿਸੇ ਤਰ੍ਹਾਂ ਦੇ ਵੀ ਟੈਕਸ ਵਾਧੇ ਤੋਂ ਪਹਿਲਾਂ ਟੈਕਸ ਦਾਤਾਵਾਂ ਨੂੰ ਪੁੱਛਿਆ ਜਾਵੇਗਾ।

## ਈਸਾਈ ਧਰਮ ਦੇ ਨੇਤਾ ਪੋਪ ਫਰਾਂਸਿਸ ਦਾ 88 ਸਾਲ ਦੀ ਉਮਰ "ਚ ਦੇਹਾਂਤ ਹੋਇਆ



ਰੋਮ (ਪੰਜਾਬੀ ਅਖ਼ਬਾਰ ਬਿਊਰੋ) ਕੈਥੋਲਿਕ ਈਸਾਈ ਧਾਰਮਿਕ ਨੇਤਾ ਪੋਪ ਫਰਾਂਸਿਸ ਦਾ ਬੀਤੇ ਸੋਮਵਾਰ ਨੂੰ 88 ਸਾਲ ਦੀ ਉਮਰ 'ਚ ਦੇਹਾਂਤ ਹੋ ਗਿਆ। ਵੈਟੀਕਨ ਮੁਤਾਬਕ ਪੋਪ ਨੇ ਸਥਾਨਕ ਸਮੇਂ ਮੁਤਾਬਕ ਸੋਮਵਾਰ ਸਵੇਰੇ 7:35 ਵਜੇ ਆਖਰੀ ਸਾਹ ਲਿਆ। ਪੋਪ ਫਰਾਂਸਿਸ ਇਤਿਹਾਸ ਦੇ ਪਹਿਲੇ ਲਾਤੀਨੀ ਅਮਰੀਕੀ ਪੋਪ ਸਨ। ਆਪਣੀ ਮੌਤ ਤੋਂ ਇੱਕ ਦਿਨ ਪਹਿਲਾਂ, ਪੋਪ ਫਰਾਂਸਿਸ ਨੇ ਈਸਟਰ ਸੰਡੇ ਲਈ ਇੱਕ ਮੌਨ ਆਸ਼ੀਰਵਾਦ ਦਿੱਤਾ। ਉਨ੍ਹਾਂ ਗਾਜ਼ਾ ਸਮੇਤ ਦੁਨੀਆ ਭਰ ਵਿੱਚ ਚੱਲ ਰਹੇ ਸੰਘਰਸ਼ ਬਾਰੇ ਇੱਕ ਬਿਆਨ ਜਾਰੀ ਕੀਤਾ ਅਤੇ ਸ਼ਾਂਤੀ ਦੀ ਅਪੀਲ ਕੀਤੀ, ਜਿਸ ਨੂੰ ਉਨਾਂ ਦੇ ਇੱਕ ਸਹਿਯੋਗੀ ਨੇ ਉੱਚੀ ਆਵਾਜ਼ ਵਿੱਚ ਪੜ੍ਹਿਆ। ਵੈਟੀਕਨ ਮੁਤਾਬਕ ਪੋਪ ਦੀ ਮੌਤ ਸਟ੍ਰੋਕ ਅਤੇ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ। ਇਸ ਤੋਂ ਪਹਿਲਾਂ ਇਟਾਲੀਅਨ ਮੀਡੀਆ ਨੇ ਵੀ ਖਬਰ ਦਿੱਤੀ ਸੀ ਕਿ ਪੋਪ ਨੂੰ ਬ੍ਰੇਨ ਸਟ੍ਰੋਕ ਕਾਰਨ ਉਨ੍ਹਾਂ ਦੇ ਦਿਮਾਗ 'ਚ ਖੂਨ ਵਹਿ ਗਿਆ ਸੀ। 14 ਫਰਵਰੀ ਨੂੰ ਉਨ੍ਹਾਂ ਨੂੰ ਫੇਫੜਿਆਂ 'ਚ ਇਨਫੈਕਸ਼ਨ ਕਾਰਨ ਰੋਮ ਦੇ ਇੱਕ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਸੀ ਅਤੇ 38 ਦਿਨ ਹਸਪਤਾਲ ਰਹਿਣ ਤੋਂ ਬਾਅਦ ਬੀਤੇ ਦਿਨ ਉਹ ਜਨਤਕ ਤੌਰ 'ਤੇ ਦਿਖਾਈ ਦਿੱਤੇ ਸਨ। ਕੈਨੇਡਾ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਪੋਪ ਵੱਲੋਂ ਮੂਲ ਵਾਸੀ ਭਾਈਚਾਰੇ ਦੇ ਬੱਚਿਆਂ ਨੂੰ ਰੈਜੀਡੈਂਸ਼ੀਅਲ ਸਕੂਲਾਂ ਵਿੱਚ ਰੱਖ ਕੇ ਉਹਨਾਂ ਉੱਪਰ ਕੀਤੇ ਗਏ ਜ਼ੁਲਮਾਂ ਲਈ ਮਾਫੀ ਮੰਗਣ ਲਈ ਯਾਦ ਕੀਤਾ ਜਾਵੇਗਾ। ਭਾਰਤ ਦੇ ਗ੍ਰਹਿ ਮੰਤਰਾਲੇ ਨੇ ਪੋਪ ਦੇ ਦੇਹਾਂਤ 'ਤੇ 3 ਦਿਨਾਂ ਦੇ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਹੈ। ਇਸ 'ਚ ਪਹਿਲੇ ਦੋ ਦਿਨ ਰਾਸ਼ਟਰੀ ਸੋਗ 22 ਅਤੇ 23 ਅਪ੍ਰੈਲ ਸ਼ਾਮਿਲ ਰਹੇ ਜਦਕਿ ਰਾਸ਼ਟਰੀ ਸੋਗ ਦਾ ਤੀਜਾ ਦਿਨ ਅੰਤਿਮ ਰਸਮਾਂ ਵਾਲੇ ਦਿਨ ਹੋਵੇਗਾ। ਪੋਪ ਫਰਾਂਸਿਸ ਦੇ ਦਿਹਾਂਤ ਉੱਪਰ ਦੁੱਖ ਦਾ ਇਜ਼ਹਾਰ ਕਰਦਿਆਂ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕਕਾਰਨੀ ਨੇ ਆਖਿਆ ਹੈ ਕਿ ਪੋਪ ਫਰਾਂਸਿਸ ਨੈਤਿਕ ਸਪੱਸ਼ਟਤਾ ਅਧਿਆਤਮਕ ਹਿੰਮਤ ਅਤੇ ਮਨੁੱਖਤਾ ਲਈ ਅਸੀਮ ਦਰਜ਼ ਰੱਖਣ ਵਾਲੇ ਨੇਤਾ ਸਨ। ਉਹਨਾਂ ਪੋਪ ਫਰਾਂਸ ਦੇ ਕੈਨੇਡਾ ਦੌਰੇ ਦਾ ਵੀ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਜਦੋਂ ਪੋਪ ਫਰਾਂਸਸ ਵੱਲੋਂ ਮੂਲ ਵਾਸੀ ਭਾਈਚਾਰੇ ਕੋਲੋਂ ਮਾਫੀ ਮੰਗੀ ਗਈ ਸੀ। ਪੋਪ ਫਰਾਂਸਿਸ ਦੀਆਂ ਅੰਤਿਮ ਰਸਮਾਂ 26 ਅਪ੍ਰੈਲ ਨੂੰ ਨਿਭਾਈਆਂ ਜਾਣਗੀਆਂ।ਇਹ ਜਾਣਕਾਰੀ ਵੈਟੀਕਨ ਨੇ ਦਿੱਤੀ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਤਸਵੀਰ ਵੀ ਜਾਰੀ ਕੀਤੀ ਗਈ ਹੈ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਤਾਬੂਤ ਵਿੱਚ ਰੱਖਿਆ ਗਿਆ ਹੈ। ਦੇਹ ਨੇੜੇ ਧਾਰਮਿਕ ਆਗੂਆਂ ਵੱਲੋਂ ਪ੍ਰਾਥਨਾਵਾਂ ਕੀਤੀਆਂ ਜਾ ਰਹੀਆਂ ਹਨ। ਅੰਤਿਮ ਰਸਮਾਂ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਕੈਥੋਲਿਕ ਚਰਚ ਦੇ ਕਾਰਡੀਨਲ (ਪਾਦਰੀ) ਵੈਟੀਕਨ ਆਉਣਗੇ। ਅੰਤਿਮ ਸੰਸਕਾਰ 'ਤੇ ਦੁਨੀਆ ਭਰ ਦੇ ਨੇਤਾ ਅਤੇ ਆਮ ਲੋਕ ਇਕੱਠੇ ਹੋਣਗੇ।

## 7.3 ਮਿਲੀਅਨ ਕਨੇਡੀਅਨ ਵੋਟਰਾਂ ਨੇ ਐਡਵਾਂਸ ਪੋਲਿੰਗ ਵਿੱਚ ਵੋਟਾਂ ਪਾਕੇ ਨਵਾਂ ਰਿਕਾਰਡ ਕਾਇਮ ਕੀਤਾ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਵਿੱਚ 28 ਅਪਰੈਲ 2025 ਨੂੰ ਹੋ ਰਹੀਆਂ ਫੈਡਰਲ ਚੋਣਾਂ ਵਿੱਚ ਕੈਨੇਡਾ ਦੇ ਵੋਟਰਾਂ ਵੱਲੋਂ ਰਿਕਾਰਡ ਤੋੜ ਐਡਵਾਂਸ ਪੋਲਿੰਗ ਵਿੱਚ ਵੋਟਾਂ ਪਾਈਆਂ ਗਈਆਂ ਹਨ। ਇਸ ਵਾਰ ਨੌਜਵਾਨ ਵਰਗ ਵੱਲੋਂ ਭਾਰੀ ਗਿਣਤੀ ਵਿੱਚ ਉਤਸਾਹ ਨਾਲ ਵੋਟਾਂ ਪਾਈਆਂ ਜਾ ਰਹੀਆਂ ਹਨ। ਇਸ ਵਾਰ ਇਹ ਗੱਲ ਸਾਹਮਣੇ ਨਹੀਂ ਆ ਰਹੀ ਕਿ ਵੱਡੀ ਗਿਣਤੀ ਵਿੱਚ ਵੋਟਰਾਂ ਦਾ ਉਤਸ਼ਾਹ ਕਿਸੇ ਬਦਲਾਅ ਲਈ ਹੈ ਜਾਂ ਅਮਰੀਕਨ ਰਾਸਟਰਪਤੀ ਟਰੰਪ ਵੱਲੋਂ ਕੈਨੇਡਾ ਨੂੰ 51 ਵੇਂ ਸੂਬੇ ਵਜੋ ਅਮਰੀਕਾ ਵਿੱਚ ਸ਼ਾਮਿਲ ਕਰਨ ਦੇ ਵਿਰੋਧ ਵਿੱਚ ਕੈਨੇਡੀਅਨ ਵੋਟਰਾਂ ਵੱਲੋਂ ਕੈਨੇਡਾ ਪ੍ਰਤੀ ਦੇਸ ਭਗਤੀ ਦੀ ਭਾਵਨਾ ਦਿਖਾਈ ਜਾ ਰਹੀ ਹੈ। ਇਸ ਟਾਈਮ ਕੈਨੇਡਾ ਦੇ ਚੋਣ ਸ਼ਰਵੇਖਣ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਿੱਚ ਹੀ ਸਰਕਾਰ ਬਣਾਉਣ ਲਈ ਆਖ ਰਹੇ ਹਨ। ਪਰ ਕੈਨੇਡਾ ਭਰ ਦੇ ਵੱਖ ਵੱਖ ਸੂਬਿਆਂ ਤੋਂ ਮਿਲੀਆਂ ਰਿਪੋਰਟਾਂ ਮੁਤਾਬਕ ਲੋਕ ਬਦਲਾਅ ਵੱਲ ਵੀ ਜਾ ਸਕਦੇ ਹਨ। ਚੋਣਾਂ ਦੇ ਆਖਰੀ ਹਫ਼ਤੇ ਵਿੱਚ ਸਾਰੀਆਂ ਪਾਰਟੀਆਂ ਦਾ ਪੂਰਾ ਜ਼ੋਰ ਲੱਗਾ ਹੋਇਆ ਹੈ। 28 ਅਪਰੈਲ ਨੂੰ ਵੋਟਾਂ ਖਤਮ ਹੋਣ ਦੇ ਮੁੱਢਲੇ ਘੰਟਿਆਂ ਵਿੱਚ ਹੀ ਸਰਕਾਰ ਕਿਸ ਦੀ ਬਣਨ ਜਾ ਰਹੀ ਹੈ ਇਹ ਪਤਾ ਲੱਗਣ ਲੱਗ ਜਾਣਾ ਸੀ ਪਰ ਜੇ ਇਸ ਵਾਰ ਜ਼ਿਆਦਾ ਪੋਲਿੰਗ ਹੋਈ ਤਾਂ ਨਤੀਜੇ ਰਾਤ ਦੇਰ ਤੱਕ ਪਤਾ ਲੱਗਣਗੇ। ਟਰੰਪ ਟੈਰਿਫ ਕਾਰਨ ਵੋਟਰਾਂ ਦੀ ਨਿਗਾਹ ਚੋਣ ਨਤੀਜਿਆਂ ਵੱਲ ਹੈ। ਕਿਉਂਕਿ ਕੈਨੇਡਾ ਦੇ ਨਾਗਰਿਕਾਂ ਨੂੰ ਸ਼ਿਕਾਇਤ ਹੈ ਉਨ੍ਹਾ ਦੀ ਯੋਗਤਾ ਅਨੁਸਾਰ ਕੰਮ ਨਹੀਂ ਮਿਲ ਰਿਹਾ। ਜ਼ਿਆਦਾਤਰ ਕੈਨੇਡੀਅਨ ਵੋਟਰਾਂ ਦੀ ਇਸ ਗੱਲੋਂ ਨਾਰਾਜ਼ਗੀ ਹੈ ਕਿ ਵਿਜਟਰ ਆਏ ਲੋਕ ਸਸਤੇ ਵਿੱਚ ਕੰਮ ਕਰਕੇ ਕੈਨੇਡਾ ਦੇ ਨਾਗਰਿਕਾਂ ਦਾ ਹੱਕ ਮਾਰ ਰਹੇ ਹਨ। ਟੈਰਿਫ, ਬੇਰੁਜ਼ਗਾਰੀ,ਮਹਿੰਗਾਈ, ਕਰਾਇਮ, ਚੋਰੀਆਂ, ਨਸ਼ੇ, ਅੰਨੇਵਾਹ ਕੀਤੀ ਇੰਮੀਗਰੇਸਨ ,ਹੈਲਥ ਸਿਸਟਮ ਕੈਨੇਡਾ ਦੇ ਲੋਕਾਂ ਦੇ ਇਸ ਚੋਣਾਂ ਵਿੱਚ ਵੱਡੇ ਮੁੱਦੇ ਹਨ।ਮਿਲੀ ਜਾਣਕਾਰੀ ਮੁਤਾਬਕ ਇਲੈਕਸ਼ਨਜ਼ ਕੈਨੇਡਾ ਦਾ ਕਹਿਣਾ ਹੈ ਕਿ ਚਾਰ ਦਿਨਾਂ ਦੀ ਐਡਵਾਂਸ ਵੋਟਿੰਗ ਵਿੱਚ 7.3 ਮਿਲੀਅਨ ਵੋਟਰਾਂ ਨੇ ਕੈਨੇਡਾ ਭਰ ਵਿੱਚ ਵੋਟ ਪਾਈ ਹੈ ਜਦੋਂ ਕਿ ਪਿਛਲੀਆਂ ਚੋਣਾਂ ਵਿੱਚ 5.8 ਮਿਲੀਅਨ ਵੋਟਰਾਂ ਨੇ ਵੋਟਾਂ ਪਾਈਆਂ ਸਨ।

## ਅਮਰੀਕਾ ਦੇ ਉਪ ਰਾਸਟਰਪਤੀ, ਆਪਣੀ ਭਾਰਤੀ ਮੂਲ ਦੀ ਪਤਨੀ ਊਸ਼ਾ ਵੈਂਸ ਨਾਲ ਨਵੀਂ ਦਿੱਲੀ ਪੁੱਜੇ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਉਪ ਰਾਸ਼ਟਰਪਤੀ ਜੇਡੀ ਵੈਂਸ ਤੇ ਉਨ੍ਹਾਂ ਦੀ ਭਾਰਤੀ ਮੂਲ ਦੀ ਪਤਨੀ ਊਸ਼ਾ ਆਪਣੇ ਤਿੰਨ ਬੱਚਿਆਂ ਨਾਲ ਭਾਰਤ ਦੀ ਚਾਰ ਰੋਜ਼ਾ ਫੇਰੀ ਲਈ ਨਵੀਂ ਦਿੱਲੀ ਪੁੱਜੇ ਤਾਂ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਨੇ ਹਵਾਈ ਅੱਡੇ 'ਤੇ ਵੈਂਸ ਪਰਿਵਾਰ ਦਾ ਰੈੱਡ ਕਾਰਪੈੱਟ ਉੱਪਰ ਸਵਾਗਤ ਕੀਤਾ। ਹਵਾਈ ਅੱਡੇ 'ਤੇ ਅਮਰੀਕੀ ਉਪ ਰਾਸ਼ਟਰਪਤੀ ਨੂੰ ਗਾਰਡ ਆਫ਼ ਆਨਰ ਵੀ ਦਿੱਤਾ ਗਿਆ। ਵੈਂਸ ਜੋੜੇ ਦੀ ਆਮਦ ਤੋਂ ਪਹਿਲਾਂ ਇਹਤਿਆਤ ਵਜੋਂ ਪੂਰੀ ਦਿੱਲੀ ਵਿਚ ਸੁਰੱਖਿਆ ਵਧਾ ਦਿੱਤੀ ਗਈ ਸੀ। ਇਸ ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਜੇਡੀ ਵੈਂਸ ਨੇ ਆਪਣੀ ਵਿਆਪਕ ਗੱਲਬਾਤ ਦੌਰਾਨ ਦੁਵੱਲੇ ਵਪਾਰ ਸਮਝੌਤੇ (US-Inida trade pact) ਨੂੰ ਲੈ ਕੇ ਹੁਣ ਤੱਕ ਗੱਲਬਾਤ ਵਿੱਚ ਹੋਈ ਅਹਿਮ ਪ੍ਰਗਤੀ ਦਾ ਸਵਾਗਤ ਕੀਤਾ ਹੈ। ਇਸ ਗੱਲਬਾਤ ਮਗਰੋਂ ਪ੍ਰਧਾਨ ਮੰਤਰੀ ਮੋਦੀ ਨੇ ਵੈਂਸ, ਉਨ੍ਹਾਂ ਦੀ ਪਤਨੀ ਊਸ਼ਾ ਅਤੇ ਅਮਰੀਕੀ ਅਧਿਕਾਰੀਆਂ ਦੇ ਵਫ਼ਦ ਲਈ ਰਾਤ ਦੀ ਦਾਅਵਤ ਦੀ ਮੇਜ਼ਬਾਨੀ ਕੀਤੀ। ਸਰਕਾਰ ਨੇ ਇੱਕ ਬਿਆਨ ਵਿਚ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਅਤੇ ਅਮਰੀਕੀ ਉਪ ਰਾਸ਼ਟਰਪਤੀ ਵੈਂਸ ਨੇ ਦੁਵੱਲੇ ਸਹਿਯੋਗ ਦੇ ਵੱਖ-ਵੱਖ ਖੇਤਰਾਂ ਵਿੱਚ ਪ੍ਰਗਤੀ ਦੀ ਸਮੀਖਿਆ ਕੀਤੀ ਅਤੇ ਸਕਾਰਾਤਮਕ ਮੁਲਾਂਕਣ ਕੀਤਾ।

## ਸ਼ੋਰੀ ਲਾਅ ਫਰਮ ਕੈਲਗਰੀ ਅਤੇ ਉਸ ਦੇ ਸਹਿਯੋਗੀਆਂ ਨੇ ਮੁਫਤ ਕਾਨੂੰਨੀ ਸਹਾਇਤਾ ਲਈ ਇੱਕ ਦਿਨਾਂ ਕਲੀਨਿਕ ਲਗਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਰਿਵਾਰਕ ਅਤੇ ਇੰਮੀਗ੍ਰੇਸ਼ਨ ਮੁੱਦਿਆਂ ਦਾ ਸਾਹਮਣਾ ਕਰ ਰਹੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਦੀ ਮੱਦਦ ਕਰਨ ਲਈ ਬੀਤੀ 13 ਅਪ੍ਰੈਲ 2025 ਵਾਲੇ ਦਿਨ ਕੈਲਗਰੀ ਵਿੱਚ ਇੱਕ ਮੁਫ਼ਤ ਕਾਨੂੰਨੀ ਕਲੀਨਿਕ ਆਯੋਜਿਤ ਕੀਤਾ ਗਿਆ। ਇਸ ਪਰੋਗਰਾਮ ਦੌਰਾਨ ਕਾਨੂੰਨੀ ਮੱਦਦ ਲਈ ਲੋੜਬੰਦ 40 ਤੋਂ ਵੱਧ ਲੋਕਾਂ ਨੂੰ ਕਾਨੂੰਨੀ ਮਾਹਿਰਾਂ ਨਾਲ ਗੱਲ ਕਰਨ ਅਤੇ ਆਪਣੀ ਸਥਿਤੀ ਸੰਬੰਧੀ ਮੁੱਢਲੀ ਸਲਾਹ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਸ਼ੋਰੀ ਲਾਅ ਵੱਲੋਂ ਇੱਥੇ ਮੁਫਤ ਕਾਨੂੰਨੀ ਸਲਾਹ ਦੇਣ ਲਈ ਹਾਜਿਰ ਜਤਿਨ ਸ਼ੋਰੀ ਨੇ ਪੰਜਾਬੀ ਅਖ਼ਬਾਰ ਨਾਲ ਕਰਦਿਆਂ ਦੱਸਿਆ ਕਿ ਆਰਥਿਕ ਤੌਰ ਤੇ ਕਮਜ਼ੋਰ, ਘੱਟ ਆਮਦਨ ਵਾਲੇ ਪਰਿਵਾਰਾਂ ਲਈ ਜਿਨ੍ਹਾਂ ਕੋਲ ਆਮ ਤੌਰ 'ਤੇ ਕਿਸੇ ਕਾਨੂੰਨੀ ਸਲਾਹ ਲੈਣ ਲਈ ਕੋਈ ਹੀਲਾ ਵਸੀਲਾ ਨਹੀਂ ਹੁੰਦਾ ਉਹ ਲੋਕ ਅੱਜ ਸਾਨੂੰ ਇੱਥੇ ਆਕੇ ਮਿਲ ਰਹੇ ਹਨ। ਅਜਿਹੇ ਲੋਕਾਂ ਦੀ ਮੱਦਦ ਕਰਕੇ ਸਾਨੂੰ ਸਾਡਾ ਸਮਾਜ ਪ੍ਰਤੀ ਨਿਭਾਇਆ ਜਾ ਰਿਹਾ ਫਰਜ਼ ਮਨ ਨੂੰ ਸਾਂਤੀ ਦਿੰਦਾ ਹੈ। ਅੱਜ ਜੈਨੇਸਿਸ ਸੈਂਟਰ ਵਿਖੇ ਇਹ ਲਾਅ ਕਲੀਨਿਕ ਉਹਨਾਂ ਲੋਕਾਂ ਲਈ ਵਰਦਾਨ ਸਾਬਿਤ ਹੋਇਆ ਜਿਹਨਾਂ ਨੂੰ ਕਿਧਰੇ ਕਾਨੂੰਨੀ ਸਹਾਇਤਾ ਲੈਣ ਜਾਣ ਲਈ ਰਾਹ ਦਿਖਾਈ ਨਹੀਂ ਦੇ ਰਿਹਾ ਸੀ। ਅੰਗਰੇਜ਼ੀ ਜੁਬਾਨ ਵਿੱਚ ਗੱਲਬਾਤ ਕਰਨ ਲਈ ਭਾਸ਼ਾ ਦੀ ਅਣਜਾਣਤਾ ਅੱਜ ਦੇ ਇਸ ਲਾਅ ਕਲੀਨਕ ਵਿੱਚ ਲੋੜਵੰਦਾਂ ਲਈ ਲਾਹੇਵੰਦ ਸਾਬਿਤ ਹੋਈ। ਇਹ ਪ੍ਰੋਗਰਾਮ ਸਾਊਥ ਏਸ਼ੀਅਨ ਬਾਰ ਐਸੋਸੀਏਸ਼ਨ ਕੈਲਗਰੀ ਚੈਪਟਰ, ਪੰਜਾਬੀ ਕਮਿਊਨਿਟੀ ਹੈਲਥ ਸਰਵਿਸਿਜ਼ ਕੈਲਗਰੀ ਅਤੇ ਸ਼ੋਰੀ ਲਾਅ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ ਅਤੇ ਭਵਿੱਖ ਵਿੱਚ ਵੀ ਅਜਿਹੇ ਹੋਰ ਪਰੋਗਰਾਮ ਕੀਤੇ ਜਾਣ ਬਾਰੇ ਵਿਚਾਰ ਹੈ। ਮੁਫ਼ਤ ਕਾਨੂੰਨੀ ਕਲੀਨਿਕ ਦਾ ਉਦੇਸ਼ ਕੈਲਗਰੀ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੀ ਮੱਦਦ ਕਰਨਾ ਹੈ।

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

PANGEA IMMIGRATION
ਕਨੇਡਾ ਪੱਕੇ ਹੋਣ ਦਾ ਰਾਹ, ਪੈਨਜੀਆ ਇਮੀਗ੍ਰੇਸ਼ਨ ਵਾਲਿਆਂ ਦੀ ਸਲਾਹ
Contact Us For All Your Immigration Needs
RCIC-IRB Regulated Canadian Immigration Consultant
• Student Visa • Work permit • Visitor Visa • LMIA • PR Application
• Refugee Cases and Appeals • PNP Family Sponsorship • Citizenship • Nanny Caregiver • USA Visa
Raman Dhaliwal (RCIC-IRB)
Commissioner for oaths in and for Alberta
Member of CAPIC
Cell: +1 403-672-1313
Office: +1 403-401-5911
Email: info@pangeaimmigration.ca
Website: www.pangeaimmigration.ca
Green Plaza Unit 232, 4818 Westwinds Dr NE Calgary AB T3J 3Z5

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016

SHORY LAW LLP
• IMMIGRATION • BUSINESS • CRIMINAL • REAL ESTATE
www.shorylaw.com (403) 216-1199
220 - 4851 Westwinds Dr. N.E., Calgary
@shorylaw
Chetan Shory Sarvesh Jeet Devinder Shory Jatin Shory




## MODERN SINGLE-FAMILY HOME WITH SPICE KITCHEN & LEGAL BASEMENT SUITE OPTIONS

Starting from Mid $600's Excl. GST.

ਸਾਡੇ ਮਾਡਰਨ ਸਿੰਗਲ ਫੈਮਿਲੀ ਹੋਮਜ਼ ਸਮਕਾਲੀ ਬਾਹਰੀ ਆਰਕੀਟੈਕਚਰ ਪੇਸ਼ ਕਰਦੇ ਹਨ ਜਿਸ ਵਿੱਚ ਡਬਲ ਫਰੰਟ ਗੈਰੇਜ ਅਤੇ ਇੱਕ ਨਿੱਜੀ ਪਰ ਸੱਦਾ ਦੇਣ ਵਾਲਾ ਸਾਹਮਣੇ ਪ੍ਰਵੇਸ਼ ਦੁਆਰ ਹੈ। ਇੱਕ ਬਹੁ-ਪੀੜ੍ਹੀ ਜੀਵਨ ਸ਼ੈਲੀ ਵਾਲਾ ਇਹ ਘਰ ਮੌਰਗੇਜ ਸਹਾਇਕ ਜਾਂ ਪੂਰਕ ਵਜੋਂ ਸੇਵਾ ਕਰਨ ਲਈ ਅਧੂਰੇ ਅਤੇ ਮੁਕੰਮਲ ਕਾਨੂੰਨੀ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ ਨੌਜਵਾਨ ਅਤੇ ਬਹੁ-ਪੀੜ੍ਹੀ ਪਰਿਵਾਰਾਂ ਲਈ ਕਾਫੀ ਥਾਂ ਪ੍ਰਦਾਨ ਕਰਦੇ ਹਨ।

ਰੋਜ਼ਾਨਾ ਜੀਵਨ ਨੂੰ ਹੋਰ ਵੀ ਸੁਵਿਧਾਜਨਕ ਬਣਾਉਣ ਲਈ ਮੁੱਖ ਵਿਕਲਪਾਂ 'ਤੇ ਘਰੇਲੂ ਵਿਸ਼ੇਸ਼ਤਾਵਾਂ ਜਿਵੇਂ ਕਿ ਇੱਕ ਵਿਸ਼ਾਲ ਘਰ ਦਾ ਦਫਤਰ, ਬੋਨਸ ਰੂਮ, ਮਸਾਲਾ ਰਸੋਈ ਅਤੇ ਬੈੱਡਰੂਮ ਵੀ ਉਪਲਬਧ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਕਾਰੀ ਲਈ ਅੱਜ ਹੀ ਰਜਿਸਟਰ ਕਰੋ!!**













**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

ਤੁਸੀ ਆਪਣੇ ਬਿਜ਼ਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ



The Punjabi Newspaper

ਪੰਜਾਬੀਅਤ ਦਾ ਪਰਚਮ

ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000





ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸ਼ਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000



Vol: 12 No: 266 Website : www.punjabiakhbaar.ca Email: editor@punjabiakhbaar.ca Friday, 25 April 2025


# ਅਪ੍ਰੈਲ ਮਹੀਨੇ ਨੂੰ ਸਿੱਖ ਵਿਰਾਸਤ ਮਹੀਨੇ ਵੱਜੋਂ ਸਥਾਈ ਤੌਰ 'ਤੇ ਮਾਨਤਾ ਦੇਣ ਲਈ ਬਿੱਲ ਪਾਸ ਹੋਇਆ



ਰੀਜਾਇਨਾ(ਪੰਜਾਬੀ ਅਖ਼ਬਾਰ ਬਿਊਰੋ) ਸੈਸਕਾਚਵਾਨ ਐਨਡੀਪੀ ਨੂੰ ਅਪ੍ਰੈਲ ਮਹੀਨੇ ਨੂੰ ਸਥਾਈ ਤੌਰ 'ਤੇ ਸਿੱਖ ਵਿਰਾਸਤ ਮਹੀਨੇ ਵੱਜੋਂ ਮਾਨਤਾ ਦੇਣ ਵਾਲੇ ਕਾਨੂੰਨ ਲਈ ਸਰਬਸੰਮਤੀ ਨਾਲ ਸਮਰਥਨ ਪ੍ਰਾਪਤ ਹੋਇਆ ਹੈ।ਇਸ ਸਬੰਧੀ ਪਾਸਕੂਆ ਤੋਂ ਐਮ ਐਲ ਏ ਭਜਨ ਬਰਾੜ, ਜਿਹਨਾਂ ਨੇ ਇਹ ਬਿਲ ਪੇਸ਼ ਕੀਤਾ ਸੀ, ਨੇ ਪੰਜਾਬੀ ਅਖ਼ਬਾਰ ਨਾਲ ਗੱਲ ਕਰਦਿਆਂ ਕਿਹਾ ਕਿ "ਸਿੱਖ ਭਾਈਚਾਰੇ ਲਈ ਇਹ ਇੱਕ ਇਤਿਹਾਸਕ ਦਿਨ ਹੈ। "ਮੈਨੂੰ ਸਿੱਖ ਭਾਈਚਾਰੇ ਦੇ ਹੱਕ ਵਿੱਚ ਖੜ੍ਹੇ ਹੋਣ ਅਤੇ ਇੱਕ ਅਜਿਹੇ ਸੂਬੇ ਨੂੰ ਉਤਸ਼ਾਹਿਤ ਕਰਨ 'ਤੇ ਮਾਣ ਹੈ ਜਿੱਥੇ ਸਾਡੇ ਬਹੁ-ਸੱਭਿਆਚਾਰਵਾਦ ਨੂੰ ਹਰ ਰੋਜ਼ ਅਪਣਾਇਆ ਅਤੇ ਮਨਾਇਆ ਜਾਂਦਾ ਹੈ। ਅਸੀਂ ਜਾਣਦੇ ਹਾਂ ਕਿ ਸਿੱਖ ਭਾਈਚਾਰਾ ਸਾਡੇ ਸੂਬੇ, ਸਾਡੀ ਸੰਸਕ੍ਰਿਤੀ ਅਤੇ ਸਾਡੀ ਆਰਥਿਕਤਾ ਵਿੱਚ ਬਹੁਤ ਯੋਗਦਾਨ ਪਾਉਂਦਾ ਹੈ। ਸਸਕੈਟੂਨ ਯੂਨੀਵਰਸਿਟੀ ਸਦਰਲੈਂਡ ਦੇ ਵਿਧਾਇਕ ਤੇਜਿੰਦਰ ਗਰੇਵਾਲ ਨੇ ਕਿਹਾ ਕਿ ਸਿੱਖ ਭਾਈਚਾਰੇ ਵੱਲੋਂ ਇਸ ਕਾਨੂੰਨ ਦੀ ਸਾਲਾਂ ਤੋਂ ਮੰਗ ਕੀਤੀ ਜਾ ਰਹੀ ਹੈ। ਪਹਿਲਾਂ, ਭਾਈਚਾਰੇ ਨੂੰ ਹਰ ਸਾਲ ਮਾਨਤਾ ਲਈ ਰਸਮੀ ਤੌਰ 'ਤੇ ਅਰਜ਼ੀ ਦੇਣੀ ਪੈਂਦੀ ਸੀ। ਇਸਦਾ ਮਤਲਬ ਹੈ ਕਿ ਸਸਕੈਚਵਨ ਵਿੱਚ ਸਿੱਖ ਭਾਈਚਾਰਾ ਅਤੇ ਇਸਦੀ ਮੌਜੂਦਗੀ ਮਾਇਨੇ ਰੱਖਦੀ ਹੈ ਅਤੇ ਇਸਨੂੰ ਹੋਰ ਵੀ ਜ਼ਿਆਦਾ ਮਾਨਤਾ ਦਿੱਤੀ ਜਾ ਰਹੀ ਹੈ," ਗਰੇਵਾਲ ਨੇ ਕਿਹਾ। "ਇੱਥੇ ਪਹੁੰਚਣ ਵਿੱਚ ਇੰਨਾ ਸਮਾਂ ਨਹੀਂ ਲੱਗਣਾ ਚਾਹੀਦਾ ਸੀ ਪਰ ਮੈਨੂੰ ਅੱਜ ਸਸਕੈਚਵਨ ਦੇ ਲੋਕਾਂ ਦੀ ਸੇਵਾ ਕਰਨ ਵਾਲਾ ਸਿੱਖ ਹੋਣ 'ਤੇ ਬਹੁਤ ਮਾਣ ਹੈ।"







## ਚੀਨ ਨੂੰ ਅਮਰੀਕਾ 'ਚ ਦਰਾਮਦ 'ਤੇ 245 ਫ਼ੀਸਦ ਤੱਕ ਟੈਰਿਫ਼ਾਂ ਦਾ ਸਾਹਮਣਾ ਕਰਨਾ ਪਵੇਗਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਵ੍ਹਾਈਟ ਹਾਊਸ ਨੇ ਕਿਹਾ ਕਿ ਵਿਸ਼ਵ ਦੇ ਦੋ ਵੱਡੇ ਅਰਥਚਾਰਿਆਂ ਵਿੱਚਾਲੇ ਵਪਾਰ ਜੰਗ ਦੌਰਾਨ ਚੀਨ ਨੂੰ ਆਪਣੀ ਜਵਾਬੀ ਕਾਰਵਾਈ ਕਾਰਨ ਹੁਣ ਅਮਰੀਕਾ 'ਚ ਦਰਾਮਦ 'ਤੇ 245 ਫ਼ੀਸਦ ਤੱਕ ਟੈਰਿਫ਼ਾਂ ਦਾ ਸਾਹਮਣਾ ਕਰਨਾ ਪਵੇਗਾ। ਰਾਸ਼ਟਰਪਤੀ ਡੋਨਲਡ ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁੱਥ' ਉੱਤੇ 'ਤੇ ਦਿੱਤੀ ਜਾਣਕਾਰੀ 'ਚ ਕਿਹਾ ਕਿ ਚੀਨ ਨੇ ਵੱਡੇ ਬੋਇੰਗ ਸੌਦੇ ਤਹਿਤ ਜਹਾਜ਼ ਖਰੀਦਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਬਿਆਨ ਨੇ ਉਨ੍ਹਾਂ ਖ਼ਬਰਾਂ ਦੀ ਪੁਸ਼ਟੀ ਕੀਤੀ ਹੈ ਜਿਨ੍ਹਾਂ 'ਚ ਦਾਅਵਾ ਕੀਤਾ ਗਿਆ ਹੈ ਕਿ ਚੀਨ ਨੇ ਆਪਣੀਆਂ ਹਵਾਈ ਕੰਪਨੀਆਂ ਨੂੰ ਅਮਰੀਕੀ ਜਹਾਜ਼ ਨਿਰਮਾਤਾ ਕੰਪਨੀ ਬੋਇੰਗ ਤੋਂ ਜਹਾਜ਼ਾਂ ਦੀ ਸਪਲਾਈ ਨਾ ਲੈਣ ਲਈ ਆਖਿਆ ਹੈ।

# ਸਿੱਖ ਸੋਸਾਇਟੀ ਰੀਜਾਇਨਾ ਨੇ ਨਫ਼ਰਤ ਭਰੇ ਭਾਸ਼ਣ ਦੀ ਨਿੰਦਾ ਅਤੇ ਭਜਨ ਬਰਾੜ ਦੀ ਸ਼ਲਾਘਾ ਕਰਦਿਆਂ ਪ੍ਰੀਮੀਅਰ ਨੂੰ ਚਿੱਠੀ ਲਿਖੀ

ਸਸਕੈਚਵਨ ਦੇ ਮਾਣਯੋਗ ਪ੍ਰੀਮੀਅਰ, ਸਸਕੈਚਵਨ ਪਾਰਟੀ ਕਾਕਸ,
ਸਸਕੈਚਵਨ ਦੀ ਵਿਧਾਨ ਸਭਾ ਦੇ ਮੈਂਬਰ

ਵਿਸ਼ਾ: ਨਫ਼ਰਤ ਭਰੇ ਭਾਸ਼ਣ ਦੀ ਨਿੰਦਾ ਅਤੇ ਜਵਾਬਦੇਹੀ ਦੀ ਮੰਗ

ਪਿਆਰੇ ਪ੍ਰੀਮੀਅਰ ਸਕਾਟ ਮੋ ਅਤੇ ਵਿਧਾਨ ਸਭਾ ਦੇ ਸਤਿਕਾਰਯੋਗ ਮੈਂਬਰ,
ਅਸੀਂ, ਸਸਕੈਚਵਨ ਦਾ ਸਿੱਖ ਭਾਈਚਾਰਾ, 25 ਮਾਰਚ, 2025 ਨੂੰ ਵਿਧਾਨ ਸਭਾ ਵਿੱਚ ਸਸਕੈਚਵਨ ਪਾਰਟੀ ਦੇ ਵਿਧਾਇਕ ਰਾਕੇਲ ਹਿਲਬਰਟ ਦੁਆਰਾ ਕੀਤੀਆਂ ਗਈਆਂ ਦੁਖਦਾਈ ਅਤੇ ਨੁਕਸਾਨਦੇਹ ਟਿੱਪਣੀਆਂ ਦੇ ਜਵਾਬ ਵਿੱਚ ਭਾਰੀ ਦਿਲਾਂ ਅਤੇ ਡੂੰਘੀ ਚਿੰਤਾ ਨਾਲ ਤੁਹਾਨੂੰ ਲਿਖ ਰਹੇ ਹਾਂ। ਇੱਕ ਭਾਸ਼ਣ ਦੌਰਾਨ, ਵਿਧਾਇਕ ਹਿਲਬਰਟ ਨੇ ਫੈਡਰਲ ਐਨਡੀਪੀ ਨੇਤਾ ਜਗਮੀਤ ਸਿੰਘ ਨੂੰ ਬੇਇਨਸਾਫ਼ੀ ਨਾਲ "ਅੱਤਵਾਦੀ" ਕਿਹਾ, ਇੱਕ ਅਜਿਹੀ ਟਿੱਪਣੀ ਜੋ ਨਾ ਸਿਰਫ਼ ਸਿੱਖ ਭਾਈਚਾਰੇ ਦੇ ਹਿਰਦੇ ਵਲੂੰਦਰਦੀ ਹੈ ਬਲਕਿ ਸਾਡੇ ਲੋਕਾਂ ਬਾਰੇ ਨੁਕਸਾਨਦੇਹ ਅਤੇ ਬੇਬੁਨਿਆਦ ਧਾਰਨਾਵਾਂ ਨੂੰ ਵੀ ਹਵਾ ਦਿੰਦੀ ਹੈ।

ਇਹ ਸਿਰਫ਼ ਇੱਕ ਰਾਜਨੀਤਿਕ ਮੁੱਦਾ ਨਹੀਂ ਹੈ - ਇਹ ਇੱਕ ਡੂੰਘਾ ਨਿੱਜੀ ਮੁੱਦਾ ਹੈ। ਸੌ ਸਾਲਾਂ ਤੋਂ ਵੱਧ ਸਮੇਂ ਤੋਂ, ਸਾਡੇ ਭਾਈਚਾਰੇ ਨੇ ਸਸਕੈਚਵਨ ਦੇ ਤਾਣੇ-ਬਾਣੇ ਵਿੱਚ ਮਾਣ ਨਾਲ ਯੋਗਦਾਨ ਪਾਇਆ ਹੈ, ਇੱਕ ਬਿਹਤਰ ਸੂਬਾ ਬਣਾਉਣ ਲਈ ਸਾਡੇ ਗੁਆਂਢੀਆਂ ਨਾਲ ਮਿਲ ਕੇ ਕੰਮ ਕੀਤਾ ਹੈ। ਅਸੀਂ ਇਸ ਧਰਤੀ ਦੀਆਂ ਜਿੱਤਾਂ ਅਤੇ ਸੰਘਰਸ਼ਾਂ ਦੋਵਾਂ ਵਿੱਚ ਹਿੱਸਾ ਲਿਆ ਹੈ, ਅਤੇ ਅਸੀਂ ਆਪਣੇ ਬੱਚਿਆਂ ਨੂੰ ਇੱਥੇ ਇਸ ਉਮੀਦ ਨਾਲ ਪਾਲਿਆ ਹੈ ਕਿ ਉਨ੍ਹਾਂ ਨੂੰ ਸਤਿਕਾਰ, ਸਮਾਨਤਾ ਅਤੇ ਸਮਝ ਦਾ ਭਵਿੱਖ ਮਿਲੇਗਾ।

ਪਰ ਜਦੋਂ ਕੋਈ ਚੁਣਿਆ ਹੋਇਆ ਅਧਿਕਾਰੀ, ਕੋਈ ਅਜਿਹਾ ਵਿਅਕਤੀ ਜਿਸਨੂੰ ਸਾਰੇ ਸਸਕੈਚਵਨ ਲੋਕਾਂ ਦੀ ਸੇਵਾ ਕਰਨ ਲਈ ਚੁਣਿਆ ਗਿਆ ਸੀ, ਇਸ ਤਰ੍ਹਾਂ ਦੀ ਭਾਸ਼ਾ ਦੀ ਵਰਤੋਂ ਕਰਦਾ ਹੈ, ਤਾਂ ਸਮਾਜ ਨੂੰ ਇਹ ਇੱਕ ਖ਼ਤਰਨਾਕ ਸੁਨੇਹਾ ਮਿਲਦਾ ਹੈ। ਜਿਸ ਤੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਨਫ਼ਰਤ ਅਤੇ ਅਗਿਆਨਤਾ ਉਨ੍ਹਾਂ ਥਾਵਾਂ ਉੱਪਰ ਉਪਜ ਰਹੀ ਹੈ ਜੋ ਨਿਆਂ ਅਤੇ ਏਕਤਾ ਨੂੰ ਬਰਕਰਾਰ ਰੱਖਣ ਲਈ ਹਨ। ਇਹ ਸਾਨੂੰ ਦੁੱਖ ਪਹੁੰਚਾਉਂਦਾ ਹੈ, ਅਤੇ ਇਹ ਖਾਸ ਤੌਰ 'ਤੇ ਸਾਡੇ ਬੱਚਿਆਂ ਨੂੰ ਦੁੱਖ ਪਹੁੰਚਾਉਂਦਾ ਹੈ, ਜੋ ਇਹ ਸਿੱਖ ਰਹੇ ਹਨ ਕਿ ਇਸ ਸੂਬੇ ਦਾ ਹਿੱਸਾ ਬਣਨ ਦਾ ਕੀ ਅਰਥ ਹੈ।

ਅਸੀਂ ਸਸਕੈਚਵਨ ਸਰਕਾਰ ਨੂੰ ਇਹ ਅਰਥਪੂਰਨ ਕਾਰਵਾਈ ਕਰਨ ਦੀ ਅਪੀਲ ਕਰਦੇ ਹਾਂ ਕਿ ਇਸ ਤਰ੍ਹਾਂ ਦੀ ਭਾਸ਼ਾ ਦੀ ਸਾਡੀ ਵਿਧਾਨ ਸਭਾ ਜਾਂ ਸਾਡੇ ਸੂਬੇ ਵੱਚ ਕੋਈ ਥਾਂ ਨਹੀਂ ਹੈ:

1: ਟਿੱਪਣੀਆਂ ਦੀ ਨਿੰਦਾ: ਅਸੀਂ ਬੇਨਤੀ ਕਰਦੇ ਹਾਂ ਕਿ ਤੁਸੀਂ, ਪ੍ਰੀਮੀਅਰ ਮੋ, ਅਤੇ ਸਸਕੈਚਵਨ ਪਾਰਟੀ ਵਿਧਾਇਕ ਹਿਲਬਰਟ ਦੀਆਂ ਨਫ਼ਰਤ ਭਰੀਆਂ ਟਿੱਪਣੀਆਂ ਦੀ ਜਨਤਕ ਤੌਰ 'ਤੇ ਨਿੰਦਾ ਕਰੋ। ਨਫ਼ਰਤ ਭਰੀ ਬੋਲੀ, ਖਾਸ ਕਰਕੇ ਸੱਤਾ ਦੇ ਅਹੁਦੇ 'ਤੇ ਕਿਸੇ ਵਿਅਕਤੀ ਤੋਂ, ਸਾਡੇ ਭਾਈਚਾਰਿਆਂ 'ਤੇ ਸਥਾਈ ਪ੍ਰਭਾਵ ਪਾ ਸਕਦੀ ਹੈ। ਬੋਲ ਕੇ, ਤੁਸੀਂ ਇਹ ਦਿਖਾਓਗੇ ਕਿ ਅਜਿਹੀਆਂ ਟਿੱਪਣੀਆਂ ਸਤਿਕਾਰ, ਹਮਦਰਦੀ ਅਤੇ ਬਰਾਬਰਤਾ ਦੀਆਂ ਕਦਰਾਂ ਕੀਮਤਾਂ ਨਾਲ ਮੇਲ ਨਹੀਂ ਖਾਂਦੀਆਂ ਜਿਨ੍ਹਾਂ ਲਈ ਸਸਕੈਚਵਨ ਖੜ੍ਹਾ ਹੈ।

2: ਵਿਧਾਇਕ ਹਿਲਬਰਟ ਨੂੰ ਜਵਾਬਦੇਹ ਬਣਾਉਣਾ: ਸਾਡਾ ਮੰਨਣਾ ਹੈ ਕਿ ਸਾਰੇ ਚੁਣੇ ਹੋਏ ਅਧਿਕਾਰੀਆਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ। ਅਸੀਂ ਸਸਕੈਚਵਨ ਪਾਰਟੀ ਨੂੰ ਢੁਕਵੇਂ ਕਦਮ ਚੁੱਕਣ ਲਈ ਕਹਿ ਰਹੇ ਹਾਂ, ਜਿਸ ਵਿੱਚ ਵਿਧਾਇਕ ਹਿਲਬਰਟ ਦੇ ਅਸਤੀਫ਼ੇ ਜਾਂ ਕਾਕਸ ਤੋਂ ਹਟਾਉਣ ਦੀ ਬੇਨਤੀ ਸ਼ਾਮਿਲ ਹੋ ਸਕਦੀ ਹੈ। ਪਾਰਟੀ ਦੇ ਅੰਦਰ ਅਜਿਹੇ ਨੁਕਸਾਨਦੇਹ ਵਿਚਾਰਾਂ ਨੂੰ ਕਾਇਮ ਰਹਿਣ ਦੇਣਾ ਉਨ੍ਹਾਂ ਦਾ ਚੁੱਪ-ਚਾਪ ਸਮਰਥਨ ਕਰਨਾ ਹੈ। ਸਾਡਾ ਮੰਨਣਾ ਹੈ ਕਿ ਖਾਸ ਕਰਕੇ ਵਿਧਾਨ ਸਭਾ ਦੇ ਅੰਦਰ,ਕਿਸੇ ਨੂੰ ਵੀ, ਉਨ੍ਹਾਂ ਦੇ ਅਹੁਦੇ ਦੀ ਪਰਵਾਹ ਕੀਤੇ ਬਿਨਾਂ, ਵੰਡ ਅਤੇ ਨਫ਼ਰਤ ਨੂੰ ਕਾਇਮ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਜਾਣੀ ਚਾਹੀਦੀ।

3: ਸਿੱਖ ਵਿਰਾਸਤ ਮਹੀਨੇ ਲਈ ਸਮਰਥਨ: ਅਸੀਂ ਐਨ ਡੀ ਪੀ ਵਿਧਾਇਕ ਭਜਨ ਬਰਾੜ ਦਾ ਵੀ ਧੰਨਵਾਦ ਕਰਨਾ ਚਾਹੁੰਦੇ ਹਾਂ ਕਿ ਉਹਨਾਂ ਨੇ ਸਸਕੈਚਵਨ ਵਿੱਚ ਸਿੱਖ ਵਿਰਾਸਤ ਮਹੀਨਾ ਸਥਾਪਤ ਕਰਨ ਲਈ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ। ਇਹ ਬਿੱਲ ਸਿੱਖ ਭਾਈਚਾਰੇ ਦੇ ਇਤਿਹਾਸ, ਸੱਭਿਆਚਾਰ ਅਤੇ ਯੋਗਦਾਨ ਨੂੰ ਮਾਨਤਾ ਦੇਣ ਵੱਲ ਇੱਕ ਸ਼ਕਤੀਸ਼ਾਲੀ ਅਤੇ ਅਰਥਪੂਰਨ ਕਦਮ ਹੈ। ਅਸੀਂ ਸਰਕਾਰ ਨੂੰ ਇਸ ਬਿੱਲ ਦਾ ਸਮਰਥਨ ਕਰਨ ਅਤੇ ਇਸਨੂੰ ਕਾਨੂੰਨ ਵਿੱਚ ਪਾਸ ਕਰਨ ਲਈ ਕਹਿੰਦੇ ਹਾਂ। ਇਹ ਇੱਕ ਸਪੱਸ਼ਟ ਸੰਦੇਸ਼ ਵੱਜੋਂ ਕੰਮ ਕਰੇਗਾ ਕਿ ਸਾਡੀ ਸਰਕਾਰ ਸਮਾਵੇਸ਼ ਅਤੇ ਸਸਕੈਚਵਨ ਦੇ ਵਿਭਿੰਨ ਭਾਈਚਾਰਿਆਂ ਦੀ ਅਮੀਰੀ ਦਾ ਸਨਮਾਨ ਕਰਨ ਲਈ ਵਚਨਬੱਧ ਹੈ।

4: ਨਫ਼ਰਤ ਤੋਂ ਸਪੱਸ਼ਟ ਵਿਛੋੜਾ: ਅੰਤ ਵਿੱਚ, ਅਸੀਂ ਬੇਨਤੀ ਕਰਦੇ ਹਾਂ ਕਿ ਸਸਕੈਚਵਨ ਪਾਰਟੀ ਵਿਧਾਇਕ ਹਿਲਬਰਟ ਦੇ ਵਿਚਾਰਾਂ ਤੋਂ ਆਪਣੇ ਆਪ ਨੂੰ ਦੂਰ ਕਰਨ ਲਈ ਇੱਕ ਦ੍ਰਿੜ ਰਾਹ ਅਪਣਾਵੇ। ਚੁੱਪ ਰਹਿਣਾ ਕੋਈ ਵਿਕਲਪ ਨਹੀਂ ਹੈ। ਵਿਧਾਨ ਸਭਾ ਦੇ ਹਰੇਕ ਮੈਂਬਰ ਨੂੰ ਸਾਰੇ ਰੂਪਾਂ ਵਿੱਚ ਨਫ਼ਰਤ ਨੂੰ ਰੱਦ ਕਰਨ ਲਈ ਇਕੱਠੇ ਖੜ੍ਹੇ ਹੋਣਾ ਚਾਹੀਦਾ ਹੈ। ਸਾਨੂੰ ਇੱਕ ਸਪੱਸ਼ਟ ਅਤੇ ਇੱਕਜੁੱਟ ਸੰਦੇਸ਼ ਭੇਜਣ ਦੀ ਜ਼ਰੂਰਤ ਹੈ ਕਿ ਨਸਲਵਾਦ, ਜ਼ੈਨੋਫੋਬੀਆ ਅਤੇ ਨਫ਼ਰਤ ਭਰੇ ਭਾਸ਼ਣ ਦੀ ਸੱਤਾ ਦੇ ਹਾਲਾਂ ਵਿੱਚ ਕੋਈ ਜਗ੍ਹਾ ਨਹੀਂ ਹੈ। ਅਸੀਂ ਵੰਡ ਦੀ ਮੰਗ ਨਹੀਂ ਕਰ ਰਹੇ ਹਾਂ, ਸਗੋਂ ਏਕਤਾ ਦੀ ਮੰਗ ਕਰ ਰਹੇ ਹਾਂ। ਅਸੀਂ ਇੱਕ ਅਜਿਹਾ ਸਸਕੈਚਵਨ ਚਾਹੁੰਦੇ ਹਾਂ ਜਿੱਥੇ ਸਾਰੇ ਲੋਕ, ਭਾਵੇਂ ਉਨ੍ਹਾਂ ਦੀ ਨਸਲ, ਵਿਸ਼ਵਾਸ ਜਾਂ ਪਿਛੋਕੜ ਕੋਈ ਵੀ ਹੋਵੇ, ਉਨ੍ਹਾਂ ਨਾਲ ਮਾਣ ਅਤੇ ਸਤਿਕਾਰ ਨਾਲ ਪੇਸ਼ ਆਇਆ ਜਾਵੇ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇਹ ਯਕੀਨੀ ਬਣਾਉਣ ਲਈ ਤੇਜ਼ੀ ਨਾਲ ਅਤੇ ਨਿਰਣਾਇਕ ਢੰਗ ਨਾਲ ਕਾਰਵਾਈ ਕਰੋਗੇ ਕਿ ਸਤਿਕਾਰ, ਸਮਾਨਤਾ ਅਤੇ ਬਰਾਬਰਤਾ ਦੀਆਂ ਕਦਰਾਂ ਕੀਮਤਾਂ ਨੂੰ ਬਰਕਰਾਰ ਰੱਖਿਆ ਜਾਵੇ, ਅਤੇ ਇਸ ਮਹਾਨ ਸੂਬੇ ਦੇ ਸਾਰੇ ਮੈਂਬਰ ਸੁਰੱਖਿਅਤ, ਮੁੱਲਵਾਨ ਅਤੇ ਸੁਣੇ ਜਾਣ ਵਾਲੇ ਮਹਿਸੂਸ ਕਰ ਸਕਣ।

ਇਸ ਮਾਮਲੇ ਵੱਲ ਤੁਹਾਡੇ ਧਿਆਨ ਲਈ ਧੰਨਵਾਦ, ਅਤੇ ਅਸੀਂ ਸਾਰਥਕ ਕਾਰਵਾਈ ਕੀਤੇ ਜਾਣ ਦੀ ਉਮੀਦ ਕਰਦੇ ਹਾਂ।

ਸਤਿਕਾਰ ਨਾਲ,
ਕਾਰਜਕਾਰੀ ਕਮੇਟੀ
ਸਿੱਖ ਸੋਸਾਇਟੀ ਰੀਜਾਇਨਾ
3905 Princess Drive Regina, SK S4S 0E8
Email: sikhsocietyregina@sasktel.net Tel: (306) 359-7700













## ਬੈਂਕ ਨਾਲ 13 ਹਜਾਰ ਕਰੋੜ ਦੀ ਠੱਗੀ ਮਾਰਨ ਵਾਲਾ ਚੋਕਸੀ ਬੈਲਜੀਅਮ ਵਿੱਚ ਫੜਿਆ ਗਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਜਾਂਚ ਏਜੰਸੀ ਸੀਬੀਆਈ ਵੱਲੋਂ ਹਵਾਲਗੀ ਦੀ ਅਪੀਲ ਮਗਰੋਂ ਭਗੌੜੇ ਹੀਰਾ ਕਾਰੋਬਾਰੀ ਮੇਹੁਲ ਚੋਕਸੀ ਨੂੰ ਬੈਲਜੀਅਮ ਵਿੱਚ ਗ੍ਰਿਫਤਾਰ ਕਰ ਲਿਆ ਗਿਆ ਹੈ। ਚੋਕਸੀ ਪੰਜਾਬ ਨੈਸ਼ਨਲ ਬੈਂਕ ਨਾਲ 13,000 ਕਰੋੜ ਰੁਪਏ ਦੀ ਬੈਂਕ ਕਰਜ਼ਾ 'ਧੋਖਾਧੜੀ' ਕੇਸ ਵਿੱਚ ਜਾਂਚ ਏਜੰਸੀਆਂ ਨੂੰ ਲੋੜੀਂਦਾ ਹੈ। ਚੋਕਸੀ ਦੇ ਭਤੀਜੇ ਹੀਰਾ ਕਾਰੋਬਾਰੀ ਨੀਰਵ ਮੋਦੀ ਤੋਂ ਬਾਅਦ ਇਸ ਕੇਸ ਦੇ ਦੂਜੇ 'ਮੁੱਖ ਸ਼ੱਕੀ' ਵਿਰੁੱਧ ਕਾਰਵਾਈ ਨੂੰ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਅਤੇ ਐਂਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਦਾਇਰ ਹਵਾਲਗੀ ਬੇਨਤੀ ਦੇ ਅਧਾਰ 'ਤੇ ਕੀਤੀ ਗਈ ਹੈ। ਚੋਕਸੀ ਦੇ ਬੈਲਜੀਅਮ ਵਿੱਚ ਹੋਣ ਬਾਰੇ ਪਿਛਲੇ ਸਾਲ ਪਤਾ ਲੱਗਾ ਸੀ। ਹੀਰਾ ਕਾਰੋਬਾਰੀ, ਜੋ 2018 ਵਿੱਚ ਭਾਰਤ ਛੱਡਣ ਮਗਰੋਂ ਐਂਟੀਗਾ ਵਿੱਚ ਰਹਿ ਰਿਹਾ ਸੀ, ਮੈਡੀਕਲ ਇਲਾਜ ਲਈ ਉੱਥੇ ਗਿਆ ਸੀ। ਸੂਤਰਾਂ ਨੇ ਦੱਸਿਆ ਕਿ ਚੋਕਸੀ ਦੀ ਗ੍ਰਿਫ਼ਤਾਰੀ ਲਈ ਜਾਰੀ ਇੰਟਰਪੋਲ ਰੈੱਡ ਨੋਟਿਸ ਕੁੱਝ ਸਮਾਂ ਪਹਿਲਾਂ 'ਵਾਪਸ' ਲੈ ਲਿਆ ਗਿਆ ਸੀ ਅਤੇ ਭਾਰਤੀ ਏਜੰਸੀਆਂ ਉਦੋਂ ਤੋਂ ਉਸ ਦੀ ਪੈੜ ਨੱਪਦਿਆਂ ਹਵਾਲਗੀ ਰੂਟ ਰਾਹੀਂ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀਆਂ ਸਨ।



























# ਪਹਿਲੀਆਂ ਅਲਬਰਟਾ ਸਿੱਖ ਖੇਡਾਂ 18,19 ਅਤੇ 20 ਅਪਰੈਲ 2025 ਨੂੰ ਕਰਵਾਈਆਂ ਗਈਆਂ









ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਸਟਰੇਲੀਆ ਦੀਆਂ ਸਿੱਖ ਖੇਡਾਂ ਦੀ ਤਰਜ਼ ਉੱਪਰ ਕਨੇਡਾ ਦੇ ਸਹਿਰ ਕੈਲਗਰੀ ਵਿੱਚ ਵੀ ਇਸ ਸਾਲ ਪਹਿਲੀਆਂ ਅਲਬਰਟਾ ਸਿੱਖ ਖੇਡਾਂ ਗੁਰੂਦਵਾਰਾ ਦਸਮੇਸ਼ ਕਲਚਰਲ ਸੈਂਟਰ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਕਰਵਾਈਆਂ ਗਈਆਂ।18,19 ਅਤੇ 20 ਅਪ੍ਰੈਲ ਤਿੰਨੇ ਦਿਨ ਖੇਡ ਪ੍ਰੇਮੀਆਂ ਨੇ ਇਹਨਾਂ ਖੇਡਾਂ ਦਾ ਆਨੰਦ ਮਾਣਿਆ। ਭਾਵੇਂ ਇਹਨਾਂ ਖੇਡਾਂ ਵਿੱਚ ਕਰਵਾਏ ਜਾਣ ਵਾਲੇ ਮੈਚਾਂ ਦਾ ਮੁੱਖ ਕੇਂਦਰ ਜੈਨੇਸਿਸ ਸੈਂਟਰ ਸੀ ਪਰ ਮੌਸਮ ਦੇ ਲਿਹਾਜ ਨਾਲ ਅਤੇ ਗਰਾਉਂਡਾਂ ਦੀ ਕਮੀ ਹੋਣ ਕਾਰਣ ਖਾਲਸਾ ਸਕੂਲ ਕੈਲਗਰੀ ਅਤੇ ਗੋਬਿੰਦ ਸਰਵਰ ਸਕੂਲ ਦੀਆਂ ਗਰਾਉਂਡਾਂ ਵਿੱਚ ਵੀ ਬਹੁਤ ਸਾਰੇ ਮੈਚ ਕਰਵਾਏ ਗਏ। ਆਖਿਰੀ ਦਿਨ 20 ਅਪ੍ਰੈਲ ਨੂੰ ਮਿਲੇ ਖੇਡ ਨਤੀਜੇ ਇਸ ਪ੍ਰਕਾਰ ਹਨ।

ਗੱਤਕਾ ਮੁਕਾਬਲਿਆਂ ਵਿੱਚੋਂ ਜੋ ਨਤੀਜੇ ਆਏ ਉਹਨਾਂ ਵਿੱਚ ਫਰੀ ਸੋਟੀ ਸੀਨੀਅਰ ਲੜਕੇ: ਜੇਤੂ - ਜਸਪ੍ਰੀਤ ਸਿੰਘ,ਦੂਜਾ ਗਗਨਦੀਪ ਸਿੰਘ,ਫਰੀ ਸੋਟੀ ਜੂਨੀਅਰ ਲੜਕੇ:ਜੇਤੂ - ਹਰਸੁਮਾਰ ਸਿੰਘ,ਦੂਜਾ - ਜੁਝਾਰ ਸਿੰਘ,ਫਰੀ ਸੋਟੀ ਲੜਕੀਆਂ: ਜੇਤੂ: ਸੁਖਪ੍ਰੀਤ ਕੌਰ ਦੂਜਾ: ਗੁਰਲੀਨ ਕੌਰ,ਕਿਰਪਾਨ ਸਪਿਨ ਜੇਤੂ: ਤਨਵੀਰ ਸਿੰਘ,ਚਕਰ:ਜੇਤੂ: ਸੁਖਪ੍ਰੀਤ ਕੌਰ ਦੇ ਨਾਂ ਵਰਨਣਯੋਗ ਹਨ। ਫੀਲਡ ਹਾਕੀ: ਸੀਨੀਅਰ ਵਰਗ,ਜੇਤੂ- ਅਕਾਲ ਵਾਰੀਅਰਜ਼,ਰਨਰਜ਼ ਅੱਪ- ਨਾਮਧਾਰੀ ਇਲੈਵਨ,ਜੂਨੀਅਰ ਵਰਗ, ਜੇਤੂ- ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਰਨਰਜ਼ ਅੱਪ- ਯੂਨਾਈਟਿਡ ਐਫਐਚਸੀ। ਵਾਲੀਬਾਲ ਸਮੈਸ਼ਿੰਗ: ਫਿਕਸ ਵਰਗ ਟੂਰਨਾਮੈਂਟ, ਜੇਤੂ = ਕੈਲਗਰੀ ਬਲਾਸਟਰਜ਼ ਵਾਲੀਬਾਲ ਕਲੱਬ:ਰਨਰ ਅੱਪ = ਐਡਮੰਟਨ ਵਾਰੀਅਰ ਕਲੱਬ,ਤੀਜਾ = ਇੰਡੋ ਸਸਕ ਵਾਲੀਬਾਲ ਕਲੱਬ,ਰੋਟੇਸ਼ਨ ਵਰਗ ਟੂਰਨਾਮੈਂਟ,ਜੇਤੂ = ਕੈਲਗਰੀ ਬਲਾਸਟਰਜ਼ ਵਾਲੀਬਾਲ ਕਲੱਬ, ਰਨਰ ਅੱਪ = ਸਰੀ ਡੈਲਟਾ ਵਾਲੀਬਾਲ ਕਲੱਬ,ਤੀਜਾ = ਵਾਈ ਐਸ ਟੀ ਸਰੀ,ਵਾਲੀਬਾਲ ਸ਼ੂਟਿੰਗ,ਜੇਤੂ— ਆਜ਼ਾਦ ਵਾਲੀਬਾਲ ਕਲੱਬ,ਰਨਰ- ਐਡਮਿੰਟਨ ਯੂਨਾਈਟਿਡ ਕਲੱਬ,ਫੁੱਟਬਾਲ : ਜੇਤੂ—-ਬਾਜ਼ ਐਫ ਸੀ ਐਡਮਿੰਟਨ,ਰਨਰ—- ਗੁਰੂ ਨਾਨਕ ਸਪੋਰਟਸ ਕਲੱਬ ਕੈਲਗਰੀ। ਟੱਗ ਆਫ਼ ਵਾਰ (ਰੱਸਾ ਕਸੀ): ਜੇਤੂ- ਬਾਰਬੈਂਡਰਜ਼ ਕੈਲਗਰੀ ਰਨਰ- ਸ਼ਹੀਦ ਦੀਪ ਸਿੱਧੂ ਕਲੱਬ ਜੀਦਾ ਬਠਿੰਡਾ, ਬਾਸਕਟਬਾਲ: ਅੱਪਡੇਟ ਕੀਤਾ ਗਿਆ: ਮੁੰਡੇ 12-16 ਸਾਲ:ਡਾਇਨੇਸਟੀ ਹੂਪਸ ਯੂਥ ਮੁੰਡੇ, ਹਾਈਟਸ ਬਾਸਕਟਬਾਲ ਟ੍ਰੇਨਿੰਗ 15 ਏਲੀਟ

ਪੁਰਸ਼ਾਂ ਦਾ 17-25 ਸਾਲ ਸਿੱਖ ਹੂਪਰਜ਼ ਸੂਰਮੇ ਫੈਬ 5 ਕੁੜੀਆਂ 12-16 ਸਾਲ,ਕੈਲਗਰੀ ਯੂਥ ਸੈਂਟਰ ਡਾਇਨੇਸਟੀ ਹੂਪਸ

ਕਿਡਸ ਪਲੇਅ ਯੂਥ ਗਰਲਜ਼

ਮਹਿਲਾਵਾਂ ਦਾ 17-25 ਸਾਲ ਕੈਲਗਰੀ ਟੈਂਪੋ, ਬਾਲ ਡੋਂਟ ਲਾਈ, ਕਿਡਸਪਲੇਅ ਕੈਲਗਰੀ ਵਾਲੰਟੀਅਰਜ਼

ਬੈਡਮਿੰਟਨ- ਸਿੰਗਲ ਅੰਡਰ 15 ਲੜਕੇ

1- ਬੰਤਾਜ ਬਰਾੜ,2- ਸੁਖਤਾਜ ਗਿੱਲ,3- ਮਨਜੋਤ ਸਿੰਘ

15 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ 1- ਸਰਵਜੀਤ ਕੌਰ 2- ਪਲਕਦੀਪ ਕੌਰ 3- ਤਵਨੈਣ ਕੌਰ

ਕੁੜੀਆਂ 16-23 1- ਅਵਨੀਤ ਕੌਰ 2- ਸਮਰੀਨ ਕੌਰ 3- ਇਸ਼ਮੀਤ ਕੌਰ

ਲੜਕੇ 16-23 1 -ਰਿਆਨ ਸਿੰਘ ਕੁਲਾਰ 2- ਗੁਣਤਾਸ ਸਿੰਘ 3- ਗੁਰਸਿਮਰਨ ਸਿੰਘ

ਬੈਡਮਿੰਟਨ—— ਡਬਲਜ਼ 15 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ

1-ਪਲਕਦੀਪ ਕੌਰ/ਅਵਨੀਤ ਕੌਰ 2- ਜਪਨੀਤ ਕੌਰ ਰੰਧਾਵਾ/ਤਵਨੈਨ ਕੌਰ

18 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ

1- ਸਮਰੀਨ ਕੌਰ/ਅਵਨੀਤ ਕੌਰ 2- ਗੁਰਪ੍ਰੀਤ ਕੌਰ/ਇਸ਼ਮੀਤ ਕੌਰ

ਲੜਕੇ 16-24 ਡਬਲਜ਼ 1-ਗੁਰਨੂਰ ਸਿੰਘ/ਗੁੰਟਾ ਸਿੰਘ 2- ਕ੍ਰਿਸ਼ਨ ਕੋਰੋਟਾਨਾ/ਪਰਮਵੀਰ ਸਿੰਘ

ਪੁਰਸ਼ਾਂ 24ਤੋਂ ਉੱਪਰ 1- ਦਵਿੰਦਰਪਾਲ ਸਿੰਘ ਸੇਖੋਂ/ਗੁਰਮਨ ਸਿੰਘ 2- ਗੁਰਪ੍ਰੀਤ ਸਿੰਘ ਬਿਲਿੰਗ/ ਗੁਰਪ੍ਰੀਤ ਸਿੰਘ ਸ਼ੇਰਗਿੱਲ 3- ਗੁਰਸਿਮਰਨ ਸਿੰਘ/ਸਿਮਰਨ ਸਿੰਘ

ਮਿਕਸ ਡਬਲ 1- ਗੁਰਨੂਰ ਸਿੰਘ/ ਤਵਨੈਨ ਕੌਰ 2- ਅਮਿਤੇਜ਼ ਸਿੰਘ/ ਸਮਰੀਨ ਕੌਰ 3- ਰਾਇਨ ਸਿੰਘ/ ਜਪਨੀਤ ਕੌਰ ਕੁਲਾਰ

ਐਥਲੈਟਿਕਸ 100 ਮੀਟਰ

ਔਰਤਾਂ (40 ਤੋਂ ਉੱਪਰ)1- ਮਨਪ੍ਰੀਤ ਕੌਰ ਵੜੈਚ 2- ਚਰਨਜੀਤ ਕੌਰ ਬਰਿਆਰ3- ਹਰਦੀਪ ਕੌਰ ਧਾਲੀਵਾਲ

ਅੰਡਰ 25-40 (100 ਮੀਟਰ) ਔਰਤਾਂ : 1- ਸੋਨੀਆ ਕੰਦੋਲਾ 2- ਸਿਮਰਨ ਅਰੋੜਾ 3- ਨਵਨੀਤ ਕੌਰ ਗੁਮਾਨ

ਲੜਕੀਆਂ 18-25 (100 ਮੀਟਰ) 1- ਮੁਸਕਾਨਦੀਪ ਕੌਰ 2- ਜਪਲੀਨ ਕੌਰ ਸੰਧੂ 3- ਜਿਆਦੀਪ ਕੌਰ

15 ਤੋਂ 18 (100 ਮੀਟਰ) ਕੁੜੀਆਂ 1- ਰਵਜੋਤ ਕੌਰ ਜੌਹਲ 2- ਜਸਨੂਰ ਕੌਰ ਬਰਾੜ 3- ਮੁਸ਼ਨਦੀਪ ਕੌਰ ਗਰੇਵਾਲ

15 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ (100 ਮੀਟਰ)1- ਹਰਕੀਰਤ ਕੌਰ ਗਰੇਵਾਲ 2- ਰਵਜੋਤ ਕੌਰ ਜੌਹਲ 3- ਜਸਨੂਰ ਕੌਰ ਬਰਾੜ

ਕੁੜੀਆਂ 9-11 (100 ਮੀਟਰ) : 1- ਹਰਕੀਰਤ ਕੌਰ ਗਰੇਵਾਲ,2- ਕੀਰਤ ਕੌਰ ਲੇਹਲ , 3- ਸੀਰਤ ਕੌਰ ਗਰੇਵਾਲ

ਪੁਰਸ਼ਾਂ ਲਈ 40 ਤੋਂ ਉੱਪਰ 1- ਆਨੰਦਜੋਤ ਸਿੰਘ ਤੰਬਰ 2- ਪ੍ਰਭਵੀਰ ਸਿੰਘ ਜੱਜ 3- ਅਜੈਦੀਪ ਸਿੰਘ ਬਰਾੜ

ਪੁਰਸ਼ਾਂ ਦੀ 25-40 (100 ਮੀਟਰ)1- ਰੋਬਿਨ ਸਿੰਘ ਔਲਖ 2- ਪ੍ਰਭਜੋਤ ਸਿੰਘ ਮਾਨਸ਼ਾਹੀਆ 3- ਦਲਬੀਰ ਸਿੰਘ ਗਰੇਵਾਲ

ਲੜਕੇ 18- 25 ਪੁਰਸ਼ (100 ਮੀਟਰ) 1- ਆਨੰਦਜੋਤ ਸਿੰਘ ਤੰਬਰ 2- ਪ੍ਰਭਵੀਰ ਸਿੰਘ ਜੱਜ 3- ਅਜੈਦੀਪ ਸਿੰਘ ਬਰਾੜ

ਲੜਕੇ 14- 18 (100 ਮੀਟਰ) 1- ਅਨਮੋਲਜੀਤ ਸਿੰਘ ਉੱਭੀ 2- ਪ੍ਰਭਵੀਰ ਸਿੰਘ 3-ਗੁਰਵੀਰ ਸਿੰਘ ਨਿੱਝਰ ਅਤੇ ਮੇਹਰ ਸਿੰਘ ਤੰਬੜ

ਲੜਕੇ ਅਤੇ ਲੜਕੀਆਂ 4 -6 ਸਾਲ (100 ਮੀਟਰ) 1- ਗੁਰਸ਼ਮਸ਼ੀਰ ਕੌਰ 2- ਸੁਮਤਵੀਰ ਸਿੰਘ ਕੁਲਾਰ 3- ਗੁਰਅਸ਼ੀਸ ਕੌਰ ਧਾਲੀਵਾਲ

200 ਮੀਟਰ 20 ਸਾਲ ਤੱਕ ਦੇ ਮੁੰਡੇ : 1- ਜਗਵੰਸ ਸਿੰਘ ਔਲਖ 2- ਦਸ਼ਮੀਤ ਸਿੰਘ 3- ਕ੍ਰਿਸ਼ਨ ਵਿਰਦੀ ਅਤੇ ਰਵਨੂਰ ਸਿੰਘ ਗਰੇਵਾਲ

ਪੁਰਸ਼ਾਂ ਦੇ 20 ਉੱਪਰ 1- ਕ੍ਰਿਸ਼ਨ ਵਿਰਦੀ 2- ਪ੍ਰਭਨੂਰ ਸਿੰਘ ਗਰੇਵਾਲ 3- ਦਮਨਪ੍ਰੀਤ ਸਿੰਘ ਸਿੱਧੂ

20 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ 1- ਰਵਜੋਤ ਕੌਰ ਜੌਹਲ 2- ਜਸਨੂਰ ਕੌਰ ਬਰਾੜ 3- ਹਰਕੀਰਤ ਕੌਰ ਗਰੇਵਾਲ

400 ਮੀਟਰ ਮਰਦਾਨਾ : 1- ਅੰਗਦ ਸੇਖੋਂ 2- ਅਜੈਪ੍ਰੀਤ ਸਿੰਘ ਸੈਣੀ 3- ਦਸ਼ਮੀਤ ਸਿੰਘ

400 ਮੀਟਰ ਔਰਤਾਂ : 1- ਪ੍ਰਭਜੋਤ ਕੌਰ ਜੌਹਲ 2- ਜਸਨੂਰ ਕੌਰ ਬਰਾੜ 3- ਹਰਕੀਰਤ ਕੌਰ ਦਿ-ਲ

## ਵਚਿੱਤਰ ਕੌਮ ਦਾ ਵਿਲੱਖਣ ਉਪਰਾਲਾ:

# ਅਲਬਰਟਾ ਸਿੱਖ ਖੇਡਾਂ






ਗੁਰਜੀਤ ਸਿੰਘ ਸਿੱਧੂ ਚੇਅਰਮੈਨ ਗੁਰੂਦਵਾਰਾ ਦਸਮੇਸ਼ ਕਲਚਰਲ ਸੈਂਟਰ ਕੈਲਗਰੀ 587-731-0001

ਸਿੱਖ ਕੌਮ ਨੂੰ ਦੁਨੀਆ ਭਰ ਵਿੱਚ ਭਗਤੀ ਤੇ ਸ਼ਕਤੀ ਵਾਲੀ ਕੌਮ ਵੱਜੋਂ ਜਾਣਿਆ ਜਾਂਦਾ ਹੈ। ਭਗਤੀ ਤੋਂ ਭਾਵ ਹੈ ਵਾਹਿਗੁਰੂ ਦੀ ਰਜ਼ਾ 'ਚ ਰਹਿੰਦਿਆਂ ਮਿਲਵਰਤਣ ਅਤੇ ਮਾਨਵਤਾ ਦਾ ਸੰਦੇਸ਼ ਦੇਣ ਲਈ ਤੱਤਪਰ ਰਹਿਣਾ। ਸ਼ਕਤੀ ਤੋਂ ਭਾਵ ਸਰੀਰ ਨੂੰ ਹਰ ਪੱਖੋਂ ਸਡੌਲ ਤੇ ਚੜਦੀ ਕਲਾ 'ਚ ਰੱਖਣਾ। ਇਹ ਦੋ ਵਿਲੱਖਣ ਗੁਣਾਂ ਸਦਕਾ ਹੀ ਦੁਨੀਆ ਦੇ ਹਰ ਕੋਨੇ 'ਚ ਖਾਲਸੇ ਦੇ ਨਿਸ਼ਾਨ ਝੂਲ ਰਹੇ ਹਨ। ਚਾਹੇ ਖੇਡਾਂ ਦਾ ਖੇਤਰ ਹੋਵੇ, ਲੋਕ ਸੇਵਾ ਦਾ ਕਾਰਜ ਹੋਵੇ ਜਾਂ ਭਾਈਚਾਰਕ ਸਾਂਝ ਦਾ ਪ੍ਰਚਾਰ ਹੋਵੇ, ਸਿੱਖ ਦੁਨੀਆ ਭਰ 'ਚ ਸਭ ਤੋਂ ਅੱਗੇ ਹੁੰਦੇ ਹਨ। ਸਿੱਖ ਖਿਡਾਰੀਆਂ ਨੇ ਆਪਣੀ ਜਨਮ-ਭੋਇੰ ਦੀ ਵੱਖ-ਵੱਖ ਖੇਡਾਂ 'ਚ ਵਿਸ਼ਵ ਪੱਧਰੀ ਖੇਡ ਸਮਾਗਮਾਂ 'ਚ ਨੁਮਾਇੰਦਗੀ ਕਰਦਿਆਂ ਬੁਲੰਦੀਆਂ ਨੂੰ ਛੂਹਿਆ ਹੈ। ਸਿੱਖਾਂ ਦੇ ਦੁਨੀਆ ਦੇ ਕੋਨੇ-ਕੋਨੇ 'ਚ ਪੁੱਜਣ ਸਦਕਾ ਹੁਣ ਖੇਡਾਂ ਦੇ ਖੇਤਰ 'ਚ ਵੀ ਸਿੱਖਾਂ ਦਾ ਦਾਇਰਾ ਵਿਸ਼ਵਵਿਆਪੀ ਬਣਨ ਵੱਲ ਵਧ ਰਿਹਾ ਹੈ। ਸਿੱਖ ਖਿਡਾਰੀ ਦੁਨੀਆ ਦੇ ਵੱਡੇ-ਵੱਡੇ ਮੁਲਕਾਂ ਦੀਆਂ ਵੱਖ-ਵੱਖ ਖੇਡਾਂ ਨਾਲ ਸਬੰਧਿਤ ਟੀਮਾਂ ਦਾ ਸ਼ਿੰਗਾਰ ਬਣਨ ਲੱਗੇ ਹਨ। ਇਸੇ ਧਾਰਨਾ 'ਤੇ ਚਲਦਿਆਂ ਹਰ ਸਾਲ ਵੱਖ-ਵੱਖ ਮੁਲਕਾਂ 'ਚ ਸਿੱਖਾਂ ਵੱਲੋਂ ਖੇਡ ਸਮਾਗਮ ਕਰਵਾਏ ਜਾਣ ਲੱਗੇ ਹਨ। ਆਸਟਰੇਲੀਆ ਵਸਦੇ ਸਿੱਖਾਂ ਵੱਲੋਂ 'ਸਿੱਖ ਖੇਡਾਂ' ਦੇ ਆਯੋਜਨ ਦੀ ਲੜੀ ਨੂੰ ਅੱਗੇ ਤੋਰਦਿਆਂ ਕੈਨੇਡਾ ਦੇ ਸੂਬੇ ਅਲਬਰਟਾ ਵਸਦੇ ਸਿੱਖ ਭਾਈਚਾਰੇ ਨੇ ਵੀ ਇਸੇ ਤਰ੍ਹਾਂ ਦਾ ਹੰਭਲਾ ਮਾਰਕੇ ਸਿੱਖ ਖੇਡਾਂ ਦੀ ਸ਼ੁਰੂਆਤ ਕੀਤੀ ਹੈ।

**ਸਿੱਖ ਖੇਡਾਂ ਦਾ ਮਨੋਰਥ:-**

ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਦੇ ਸਮੇਂ ਤੋਂ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਹਰਗੋਬਿੰਦ ਸਾਹਿਬ ਜੀ ਨੇ ਸਿੱਖਾਂ ਨੂੰ ਸਰੀਰਕ ਅਤੇ ਆਤਮਿਕ ਰੂਪ ਵਿੱਚ ਸਡੌਲ ਬਣਾਉਣ ਲਈ ਖੇਡ ਅਖਾੜਿਆਂ ਦੀ ਸ਼ੁਰੂਆਤ ਕੀਤੀ। ਅਕਾਲ ਤਖ਼ਤ ਸਾਹਿਬ 'ਚ ਖੇਡਾਂ ਸਬੰਧੀ ਜਗਾਈ ਜੋਤ ਹੁਣ ਮਸ਼ਾਲ ਬਣ ਚੁੱਕੀ ਹੈ। ਇਸ ਧਾਰਨਾ ਨੂੰ ਬੁਲੰਦ ਕਰਦਿਆਂ ਅਲਬਰਟਾ ਦੇ ਸਿੱਖਾਂ ਵੱਲੋਂ ਸਿੱਖ ਖੇਡਾਂ ਦਾ ਆਯੋਜਨ ਆਪਣੀ ਕੌਮ ਦੇ ਭਗਤੀ ਤੇ ਸ਼ਕਤੀ ਦੇ ਮਿਸ਼ਨ ਨੂੰ ਦੁਨੀਆ ਦੀਆਂ ਹੋਰਨਾਂ ਕੌਮਾਂ ਅੱਗੇ ਪੇਸ਼ ਕਰਨਾ ਹੈ। ਦੂਸਰਾ ਟੀਚਾ ਕੈਨੇਡਾ 'ਚ ਵਸਦੇ ਸਿੱਖ ਭਾਈਚਾਰੇ ਨੂੰ ਕਾਰੋਬਾਰੀ ਖੇਤਰਾਂ 'ਚ ਬੁਲੰਦੀਆਂ ਤੇ ਪਹੁੰਚਣ ਦੇ ਨਾਲ-ਨਾਲ ਖੇਡਾਂ ਰਾਹੀਂ ਵੀ ਕੈਨੇਡਾ ਅਤੇ ਕੌਮ ਦਾ ਨਾਮ ਵਿਸ਼ਵ ਪੱਧਰ 'ਤੇ ਚਮਕਾਉਣਾ ਹੈ। ਤੀਸਰਾ ਮਿਸ਼ਨ ਕੈਨੇਡਾ ਦੇ ਰੁਝੇਵਿਆਂ ਭਰੇ ਜੀਵਨ 'ਚ ਬੱਚਿਆਂ ਨੂੰ ਖੇਡਾਂ ਨਾਲ ਜੋੜਕੇ ਹਰ ਪੱਖੋਂ ਮਜਬੂਤ ਬਣਾਉਣ ਲਈ ਮਾਪਿਆਂ ਨੂੰ ਪ੍ਰੇਰਿਤ ਕਰਨਾ ਹੈ। ਚੌਥਾ ਟੀਚਾ ਖੇਡਾਂ ਰਾਹੀਂ ਆਪਸੀ ਭਾਈਚਾਰਾ ਮਜਬੂਤ ਕਰਨਾ ਹੈ।

**ਸਿੱਖ ਖੇਡਾਂ ਦੀ ਰੂਪ-ਰੇਖਾ:-**

ਵਿਦੇਸ਼ਾਂ ਵਿੱਚ ਪੰਜਾਬੀਆਂ ਵੱਲੋਂ ਕਰਵਾਈਆਂ ਜਾਂਦੀਆਂ ਖੇਡਾਂ 'ਚ ਪ੍ਰਮੁੱਖ ਤੌਰ 'ਤੇ ਕਬੱਡੀ ਕੱਪ ਹੀ ਕਰਵਾਏ ਜਾਂਦੇ ਹਨ। ਜਿੰਨ੍ਹਾਂ ਵਿੱਚ ਭਾਰਤ ਤੋਂ ਬੁਲਾਏ ਖਿਡਾਰੀਆਂ 'ਤੇ ਅਧਾਰਤ ਕਲੱਬਾਂ ਦੀਆਂ ਟੀਮਾਂ ਬਣਾਕੇ ਮੁਕਾਬਲੇ ਕਰਵਾਏ ਜਾਂਦੇ ਹਨ। ਪਰ ਦਸ਼ਮੇਸ਼ ਕਲਚਰ ਸੈਂਟਰ ਕੈਲਗਰੀ, ਗੁਰੂਘਰ ਦੇ ਬੋਰਡ ਦੀ ਅਗਵਾਈ 'ਚ ਅਲਬਰਟਾ ਦੀ ਸਿੱਖ ਸੰਗਤ ਦੇ ਸਹਿਯੋਗ ਨਾਲ ਕਰਵਾਈਆਂ ਜਾਣ ਵਾਲੀਆਂ 'ਸਿੱਖ ਖੇਡਾਂ' 'ਚ ਸਿਰਫ਼ ਕੈਨੇਡਾ ਰਹਿੰਦੇ ਪੰਜਾਬੀਆਂ ਦੀ ਪੁਰਾਣੀ ਤੇ ਨਵੀਂ ਪੀੜ੍ਹੀ ਦੇ ਖਿਡਾਰੀਆਂ 'ਤੇ ਅਧਾਰਤ ਟੀਮਾਂ ਹੀ ਸ਼ਮੂਲੀਅਤ ਕਰ ਸਕਿਆ ਕਰਨਗੀਆਂ। ਕੋਈ ਵੀ ਖਿਡਾਰੀ ਬਾਹਰੋਂ ਨਹੀਂ ਬੁਲਾਇਆ ਜਾਵੇਗਾ। ਸਗੋਂ ਕੈਨੇਡਾ ਵਸਦੇ ਸਿੱਖਾਂ ਦੀ ਨਵੀਂ ਪੀੜ੍ਹੀ 'ਚ ਪਾਈ ਜਾਂਦੀ ਖੇਡ ਪ੍ਰਤਿਭਾ ਨੂੰ ਨਿਖਾਰਨ ਤੇ ਪਹਿਚਾਣਨ ਦੇ ਮਕਸਦ ਨਾਲ ਇਹ ਖੇਡਾਂ ਕਰਵਾਈਆਂ ਗਈਆਂ ਹਨ। ਪਹਿਲੀਆਂ ਸਿੱਖ ਖੇਡਾਂ 'ਚ 9 ਖੇਡ ਵੰਨਗੀਆਂ ਦੇ ਮੁਕਾਬਲੇ ਜਿੰਨ੍ਹਾਂ 'ਚ ਵਾਲੀਬਾਲ (ਸ਼ੂਟਿੰਗ ਤੇ ਸਮੈਸ਼ਿੰਗ), ਬਾਸਕਟਬਾਲ, ਹਾਕੀ, ਅਥਲੈਟਿਕਸ, ਕਬੱਡੀ, ਫੁੱਟਬਾਲ ਤੇ ਰੱਸਾਕਸੀ ਆਦਿ ਹੀ ਸਾਮਿਲ ਰਹੇ।

**ਸੁਫਨਾ:-** ਵਿਸ਼ਵ ਸਿੱਖ ਖੇਡਾਂ ਪਿਛਲੇ ਲੰਮੇ ਸਮੇਂ ਤੋਂ ਆਸਟਰੇਲੀਆ ਵਿੱਚ ਸਿੱਖ ਖੇਡਾਂ ਹੋ ਰਹੀਆਂ ਹਨ। ਇੰਨ੍ਹਾਂ ਖੇਡਾਂ ਤੋਂ ਪ੍ਰੇਰਿਤ ਹੋ ਕੇ ਹੀ ਪਹਿਲੀਆਂ 'ਅਲਬਰਟਾ ਸਿੱਖ ਖੇਡਾਂ' ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਹ ਦਿਨ ਦੂਰ ਨਹੀਂ ਜਦੋਂ ਦੁਨੀਆ ਦੇ ਜਿਸ ਖਿੱਤੇ 'ਚ ਵੀ ਸਿੱਖ ਵਸਦੇ ਹਨ, ਉੱਥੇ ਹੀ ਇਹਨਾਂ ਖੇਡਾਂ ਦਾ ਆਯੋਜਨ ਕੀਤਾ ਜਾਵੇ ਅਤੇ ਫਿਰ ਵਿਸ਼ਵ ਸਿੱਖ ਖੇਡਾਂ ਦਾ ਆਯੋਜਨ ਕੀਤਾ ਜਾਵੇ। ਜਿਸ ਵਿੱਚ ਦੁਨੀਆ ਦੇ ਵੱਖ-ਵੱਖ ਮੁਲਕਾਂ 'ਚ ਵਸਦੇ ਸਿੱਖਾਂ ਦੀਆਂ ਟੀਮਾਂ ਹੀ ਹਿੱਸਾ ਲੈਣ। ਇਸ ਤਰ੍ਹਾਂ ਦਾ ਆਯੋਜਨ ਉਲੰਪਿਕ ਤੋਂ ਬਾਅਦ ਸਭ ਤੋਂ ਵੱਡਾ ਖੇਡ ਸਮਾਗਮ ਹੋ ਸਕਦਾ ਹੈ।









# ਕੈਲਗਰੀ ਦੇ ਤਰਕਸ਼ੀਲਾਂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਭਵਿੱਖ ਦੇ ਪਰੋਗਰਾਮਾਂ ਸਬੰਧੀ ਕਮੇਟੀਆਂ ਬਣਾਈਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਤਰਕਸ਼ੀਲ ਸੋਸਾਇਟੀ ਕੈਲਗਰੀ ਦੇ ਦਫਤਰ ਵਿੱਚ ਇੱਕ ਸਮਾਗਮ ਦੌਰਾਨ 13 ਅਪ੍ਰੈਲ 1919 ਜ਼ਲਿਆਂ ਵਾਲੇ ਬਾਗ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਜਰਨਲ ਬੋਡੀ ਦੀ ਮੀਟਿੰਗ ਤਰਕਸ਼ੀਲ ਸੋਸਾਇਟੀ ਕੈਲਗਰੀ ਦੇ ਪ੍ਰਧਾਨ ਦਰਸ਼ਨ ਔਜਲਾ ਦੀ ਪ੍ਰਧਾਨਗੀ ਹੇਠ ਹੋਈ। ਤਰਕਸ਼ੀਲ ਸੋਸਾਇਟੀ ਕਨੇਡਾ ਦੇ ਜਨਰਲ ਸਕੱਤਰ ਬੀਰਬਲ ਭਦੌੜ ਜੀ ਨੇ ਨੈਸ਼ਨਲ ਕਮੇਟੀ ਦੀ ਮੀਟਿੰਗ ਵਿੱਚ ਵਿਚਾਰੇ ਮਤਿਆਂ ਬਾਰੇ ਹਾਜ਼ਿਰ ਮੈਂਬਰਾਂ ਨਾਲ ਸਾਂਝ ਪਾਈ ਅਤੇ ਉਹਨਾਂ ਦੇ ਫੈਸਲਿਆਂ ਬਾਰੇ ਸਾਰੇ ਹੀ ਹਾਜ਼ਿਰ ਮੈਂਬਰਾਂ ਨੂੰ ਜਾਣੂ ਕਰਵਾਇਆ। ਤਰਕਸ਼ੀਲ ਸੋਸਾਇਟੀ ਦੇ ਐਲਾਨਨਾਮੇ ਉੱਪਰ ਵਿਚਾਰ ਚਰਚਾ ਕੀਤੀ ਗਈ ਤੇ ਉਸ ਵਿੱਚ ਕੁੱਝ ਤਰਮੀਮਾਂ ਕਰਨ ਲਈ ਬਲਜੀਤ ਸਿੰਘ ਬੁੱਟਰ, ਗੁਰਨਾਮ ਸਿੰਘ ਅਤੇ ਰਾਜ ਜੱਸਲ ਨੇ ਆਪਣੇ ਵਿਚਾਰ ਪੇਸ਼ ਕੀਤੇ। ਇਹਨਾਂ ਤਰਤੀਮਾ ਨੂੰ ਅਗਲੇ ਸਾਲ ਹੋਣ ਵਾਲੀ ਨੈਸ਼ਨਲ ਕਮੇਟੀ ਦੀ ਸਲਾਨਾ ਸਮਾਗਮ ਵਿੱਚ ਵਿਚਾਰਿਆ ਜਾਵੇਗਾ । ਤਰਕਸ਼ੀਲ ਸੋਸਾਇਟੀ ਕੈਲਗਰੀ ਦੇ ਦਫ਼ਤਰ ਵਿੱਚ ਜੋ ਇੱਕ ਸ਼ਹੀਦ ਕਰਤਾਰ ਸਿੰਘ ਸਰਾਭਾ ਲਾਈਬਰੇਰੀ ਚੱਲ ਰਹੀ ਹੈ,ਦੇ ਪ੍ਰਬੰਧ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਇੱਕ ਕਮੇਟੀ ਬਣਾਈ ਗਈ ,ਜਿਸ ਵਿੱਚ ਸੁਰਜਨ ਸਿੰਘ ਸਹੋਤਾ, ਗੁਰਨਾਮ ਸਿੰਘ ਮਾਨ ਅਤੇ ਜਗਜੀਤ ਸਿੰਘ ਤੇਜਾ ਦੀ ਡਿਊਟੀ ਲਵਾਈ ਗਈ,ਜੋ ਕਿ ਲਾਇਬ੍ਰੇਰੀ ਅਤੇ ਤਰਕਸ਼ੀਲ ਮੈਗਜੀਨ ਦਾ ਪ੍ਰਬੰਧ ਕਰੇਗੀ। ਤਰਕਸ਼ੀਲ ਸੋਸਾਇਟੀ ਕੈਲਗਰੀ ਵੱਲੋਂ ਇੱਕ ਸੱਭਿਆਚਾਰ ਪ੍ਰੋਗਰਾਮ ਹਰੇਕ ਸਾਲ ਕਰਾਇਆ ਜਾਂਦਾ ਹੈ, ਲਈ ਇੱਕ ਕਮੇਟੀ ਦਾ ਗਠਨ ਕੀਤਾ ਗਿਆ ਜਿਸ ਵਿੱਚ ਪ੍ਰਧਾਨ ਦਰਸ਼ਨ ਔਜਲਾ, ਨਵਤੇਜ ਧਾਲੀਵਾਲ ਅਤੇ ਗੋਪਾਲ ਕਾਉਂਕੇ ਦੀ ਡਿਊਟੀ ਲਾਈ ਗਈ ।ਸਿਹਤ ਸੇਵਾਵਾਂ ਬਾਰੇ ਸੈਮੀਨਾਰ ਕਰਵਾਉਣ ਲਈ ਜਿੰਮੇਵਾਰੀ ਗੋਪਾਲ ਕਾਂਉਕੇ ਜੀ ਦੀ ਲਾਈ ਗਈ। ਲਾਇਬਰੇਰੀ ਲਈ ਫੰਡ ਹੋਰ ਇਕੱਠੇ ਕੀਤੇ ਜਾਣ ਅਤੇ ਕਿਤਾਬਾਂ ਦਾ ਸਟਾਲ ਹਰੇਕ ਵੀਕ ਐਂਡ ਉੱਪਰ ਬਾਹਰ ਲਾਇਆ ਜਾਵੇ ,ਜਿਸ ਦੇ ਵਿੱਚ ਕੋਈ ਵੀ ਆ ਕੇ ਕਿਤਾਬਾਂ ਮੁੱਲ ਲੈ ਸਕਦਾ ਹੈ ਜਾਂ ਮੈਬਰ ਬਣ ਕੇ ਕਿਤਾਬਾਂ ਆਪਣੇ ਨਾਂ ਜਾਰੀ ਕਰਵਾ ਕੇ ਘਰ ਵੀ ਲਿਜਾ ਸਕਦਾ ਹੈ। ਮੀਟਿੰਗ ਵਿੱਚ ਪ੍ਰਧਾਨ ਦਰਸ਼ਨ ਸਿੰਘ ਔਜਲਾ ਜਨਰਲ ਸੈਕਟਰੀ ਨਵਤੇਜ ਧਾਲੀਵਾਲ, ਪਰਮਜੀਤ ਗਿੱਲ , ਸੁਰਜਨ ਸਹੋਤਾ ,ਗੁਰਨਾਮ ਸਿੰਘ ਮਾਨ ,ਗੁਰਦੀਪ ਸਿੰਘ ਚੀਮਾ ,ਗੋਪਾਲ ਕਾਉਂਕੇ, ਬੀਰਬਲ ਭਦੌੜ ,ਜਗਜੀਤ ਸਿੰਘ ਤੇਜਾ, ਸਤਨਾਮ ਸ਼ੇਰ ਗਿੱਲ ,ਕੁਲਦੀਪ ਗਿੱਲ, ਜਰਨੈਲ ਤੱਗੜ,ਬਲਜੀਤ ਬੁੱਟਰ,ਰਾਜ ਜੱਸਲ, ਜਸਵੀਰ ਵਾਲੀਆਂ ਅਤੇ ਤਰਨਜੀਤ ਮੰਡ ਨੇ ਭਾਗ ਲਿਆ। । ਜਰਨਲ ਸਕੱਤਰ ਦੀਆਂ ਜਿੰਮੇਵਾਰੀਆਂ ਨਵਤੇਜ ਧਾਲੀਵਾਲ ਨੇ ਨਿਵਾਈਆਂ। ਤਰਕਸ਼ੀਲ ਸੋਸਾਇਟੀ ਕੈਲਗਰੀ ਦੀ ਅਗਲੀ ਮੀਟਿੰਗ ਮਈ ਦੇ ਸੈਕਿੰਡ ਐਤਵਾਰ ਨੂੰ ਕੈਲਗਰੀ ਦਫਤਰ ਵਿਖੇ ਹੋਵੇਗੀ।

## ਜੇ ਤੁਸੀਂ ਆਹ ਲਾਲ ਪੱਗ ਆਲੇ ਨੂੰ ਜਾਣਦੇ ਹੋ ਪੁਲਿਸ ਨੂੰ ਸੂਚਨਾ ਦੇਵੋ!

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸੂਬੇ ਦੇ ਪ੍ਰਮੁੱਖ ਸ਼ਹਿਰ ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਏਅਰਡਰੀ ਵਿੱਚ ਇੱਕ ਮਹਿਲਾ ਦਾ ਜਿਸਮਾਨੀ ਸ਼ੋਸ਼ਣ ਕਰਨ ਦੇ ਮਾਮਲੇ ਵਿੱਚ ਇੱਕ ਪੰਜਾਬੀ ਮੂਲ ਦੇ ਵਿਅਕਤੀ ਦੀ ਤਲਾਸ਼ ਆਰਸੀਐਮਪੀ ਵੱਲੋਂ ਕੀਤੀ ਜਾ ਰਹੀ ਹੈ। ਆਰਸੀਐਮਪੀ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪਿਛਲੇ ਸਾਲ ਪਹਿਲੀ ਜੂਨ ਨੂੰ ਏਅਰਡਰੀ ਦੇ ਨੇੜ ਕਰੀਕ ਪਾਰਕ ਵਿੱਚ ਇੱਕ ਔਰਤ ਨਾਲ ਜਿਸਮਾਨੀ ਛੇੜਛਾੜ ਹੋਣ ਦੀ ਸੂਚਨਾ ਮਿਲੀ ਸੀ।ਇਹ ਘਟਨਾ ਉਸ ਰਾਤ ਸਵੇਰੇ 3 ਵਜੇ ਦੇ ਕਰੀਬ ਵਾਪਰੀ ਸੀ । ਪੁਲਿਸ ਨੇ ਦੱਸਿਆ ਕਿ ਇਸ ਮਹਿਲਾ ਨੂੰ ਏਅਡਰੀ ਦੇ ਮੇਨ ਸਟਰੇਟ ਬੀਅਰ ਐਂਡ ਬਾਰਬੀਕਿਊ ਰੈਸਟੋਰੈਂਟ ਤੋਂ ਇਸ ਵਿਅਕਤੀ ਨੇ ਲਿਫਟ ਦਿੱਤੀ ਸੀ ਅਤੇ ਜਦੋਂ ਉਹ ਉਸਨੂੰ ਉਸਦੇ ਘਰ ਡਰੋਪ ਕਰਨ ਜਾ ਰਿਹਾ ਸੀ ਤਾਂ ਉਸਨੇ ਪਾਰਕ ਵਿੱਚ ਗੱਡੀ ਰੋਕ ਦਿੱਤੀ ਅਤੇ ਉਸ ਨਾਲ ਛੇੜਛਾੜ ਕਰਨ ਲੱਗਾ। ਮਹਿਲਾ ਉਥੋਂ ਗੱਡੀ ਚੋਂ ਨਿਕਲਣ ਵਿੱਚ ਕਾਮਯਾਬ ਰਹੀ ਅਤੇ 7-11 ਕਨਵੀਨੀਅਸ ਸਟੋਰ ਤੇ ਪਹੁੰਚੀ ਜੋ ਕਿ ਲਕਸਸਟੋਨ ਏਰੀਏ ਵਿੱਚ ਸਥਿਤ ਹੈ । ਪੁਲਿਸ ਵੱਲੋਂ ਬਰਾਮਦ ਕੀਤੀ ਗਈ ਸੀਸੀਟੀਵੀ ਫੁਟੇਜ ਵਿੱਚ ਨਜ਼ਰ ਆ ਰਿਹਾ ਇਹ ਗੂੜੇ ਨੀਲੇ ਰੰਗ ਜਾਂ ਕਾਲੇ ਰੰਗ ਦੀ ਟੈਸਲਾ ਦੇ ਮਾਡਲ X ਜਾਂ ਮਾਡਲ 3 ਤੇ ਸਵਾਰ ਨਜ਼ਰ ਆ ਰਿਹਾ ਹੈ। ਇਸ ਵਿਅਕਤੀ ਨੇ ਲਾਲ ਰੰਗ ਦੀ ਪੱਗ ਬੰਨੀ ਹੋਈ ਹੈ। ਉਸ ਦਾ ਕੱਦ ਪੰਜ ਫੁੱਟ 10 ਇੰਚ ਦੇ ਕਰੀਬ ਹੈ ਅਤੇ ਉਸਨੇ ਕਾਲੀ ਅਤੇ ਗਰੇਅ ਰੰਗ ਦੀ ਟੋਮੀ ਦੀ ਜੈਕਟ ਅਤੇ ਬਲੂ ਜੀਨ ਪਾਈ ਹੋਈ ਹੈ। ਚਿੱਟੇ ਜਾਂ ਗਰੇਅ ਰੰਗ ਦੇ ਤਿੰਨ ਕਾਲੀਆਂ ਸਟ੍ਰਿਪਸ ਵਾਲੇ ਬੂਟ ਪਹਿਨੇ ਹੋਏ ਹਨ। ਆਰਸੀਐਮਪੀ ਨੇ ਆਖਿਆ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਵਿਅਕਤੀ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਫੋਨ ਨੰਬਰ 403-945-7267 ਤੇ ਜਾਣਕਾਰੀ ਦਿੱਤੀ ਜਾਵੇ ਜਾਂ ਫਿਰ ਕ੍ਰਾਈਮ ਸਟੋਪਰ ਨੂੰ ਸੂਚਨਾ ਦਿੱਤੀ ਜਾਵੇ।



## ਹੁਣ ਅਮਰੀਕਾ ਆਪਣੇ ਆਪ ਮੁਲਕ ਛੱਡਕੇ ਜਾਣ ਵਾਲਿਆਂ ਨੂੰ ਜਹਾਜ਼ ਦੀ ਟਿਕਟ ਅਤੇ ਕੁੱਝ ਡਾਲਰ ਵੀ ਦੇਵੇਗਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਮੁਲਕ ’ਚ ਗ਼ੈਰਕਾਨੂੰਨੀ ਤੌਰ ’ਤੇ ਰਹਿ ਰਹੇ ਉਨ੍ਹਾਂ ਪਰਵਾਸੀਆਂ ਨੂੰ ਪੈਸੇ ਅਤੇ ਜਹਾਜ਼ ਦੀ ਟਿਕਟ ਦੇਣਗੇ ਜੋ ਆਪਣੀ ਮਰਜ਼ੀ ਨਾਲ ਡਿਪੋਰਟ ਹੋਣਗੇ। ਟਰੰਪ ਨੇ ‘ਫੌਕਸ ਨੋਟੀਸਿਆਸ’ ਨਾਲ ਇੰਟਰਵਿਊ ਦੌਰਾਨ ਕਿਹਾ ਕਿ ਉਨ੍ਹਾਂ ਦੇ ਪ੍ਰਸ਼ਾਸਨ ਨੇ ਹਾਲੇ ‘ਕਾਤਲਾਂ’ ਨੂੰ ਦੇਸ਼ ’ਚੋਂ ਕੱਢਣ ’ਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ। ਅਮਰੀਕਾ ’ਚ ਗ਼ੈਰਕਾਨੂੰਨੀ ਢੰਗ ਨਾਲ ਰਹਿ ਰਹੇ ਹੋਰ ਲੋਕਾਂ ਲਈ ਟਰੰਪ ਨੇ ਕਿਹਾ ਕਿ ਉਹ ‘ਸਵੈ ਡਿਪੋਰਟੇਸ਼ਨ’ ਪ੍ਰੋਗਰਾਮ ਨੂੰ ਲਾਗੂ ਕਰਨਗੇ। ਉਨ੍ਹਾਂ ਯੋਜਨਾ ਬਾਰੇ ਥੋੜ੍ਹੀ ਜਿਹੀ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਅਮਰੀਕਾ ਗ਼ੈਰਕਾਨੂੰਨੀ ਪਰਵਾਸੀਆਂ ਨੂੰ ਜਹਾਜ਼ ਦਾ ਕਿਰਾਇਆ ਅਤੇ ਕੁੱਝ ਪੈਸੇ ਦੇਵੇਗਾ। ਟਰੰਪ ਨੇ ਕਿਹਾ, “ਅਸੀਂ ਉਨ੍ਹਾਂ ਨੂੰ ਕੁੱਝ ਪੈਸੇ ਦੇਵਾਂਗੇ। ਅਸੀਂ ਉਨ੍ਹਾਂ ਨੂੰ ਜਹਾਜ਼ ਦੀ ਟਿਕਟ ਦੇਵਾਂਗੇ ਅਤੇ ਜੇ ਉਹ ਚੰਗੇ ਹਨ ਅਤੇ ਵਾਪਸ ਆਉਣਾ ਚਾਹੁੰਦੇ ਹਨ ਤਾਂ ਅਸੀਂ ਉਨਾਂ ਦੀ ਮਦਦ ਕਰਾਂਗੇ ਤਾਂ ਜੋ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਵਾਪਸ ਲਿਆਂਦਾ ਜਾ ਸਕੇ।” ਰਾਸ਼ਟਰਪਤੀ ਨੇ ਕਿਹਾ ਕਿ ਉਹ ਚਾਹੁੰਦੇ ਹਨ ਕਿ ਹੋਟਲਾਂ ਅਤੇ ਖੇਤਾਂ ’ਚ ਕਾਮੇ ਮਿਲ ਸਕਣ। ਉਨ੍ਹਾਂ ਕਿਹਾ ਕਿ ਨਵੀਂ ਯੋਜਨਾ ਨਾਲ ਕਿਸਾਨਾਂ ਨੂੰ ਬਹੁਤ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਲੋਕ ਕਾਨੂੰਨੀ ਢੰਗ ਨਾਲ ਮੁਲਕ ’ਚ ਆ ਕੇ ਕੰਮ ਕਰਨ।

# ਜੇ ਸਾਡੀ ਸਰਕਾਰ ਬਣੀ ਤਾਂ— ਕੀ ਕਹਿੰਦੇ ਨੇ ਲੀਡਰ ?



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)-28 ਅਪ੍ਰੈਲ ਨੂੰ ਹੋ ਰਹੀਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਦੇ ਸੰਬੰਧ ਵਿੱਚ ਕੁਬੈਕ ਵਿੱਚ ਚੋਣ ਪ੍ਰਚਾਰ ਕਰ ਰਹੇ ਲਿਬਰਲ ਪਾਰਟੀ ਦੇ ਲੀਡਰ ਮਾਰਕਕਾਰਨੀ ਨੇ ਆਖਿਆ ਹੈ ਕਿ ਜੇਕਰ ਉਹਨਾਂ ਦੀ ਸਰਕਾਰ ਆਉਂਦੀ ਹੈ ਤਾਂ ਉਹ ਦੇਸ਼ ਦੀ ਆਰਥਿਕਤਾ ਨੂੰ ਮਜਬੂਤ ਕਰਨ ਲਈ ਕਈ ਕਦਮ ਚੁੱਕਣਗੇ ਜਿਸ ਵਿੱਚ ਉਹਨਾਂ ਨੇ ਆਖਿਆ ਕਿ ਹਾਈ ਪੇਡ ਜੋਬਸ ਕ੍ਰੀਏਟ ਕੀਤੀਆਂ ਜਾਣਗੀਆਂ ਉਹਨਾਂ ਆਖਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲ ਟਰੰਪ ਵੱਲੋਂ ਪੈਦਾ ਕੀਤੇ ਗਏ ਆਰਥਿਕ ਹਾਲਾਤ ਤੋਂ ਦੇਸ਼ ਨੂੰ ਬਾਹਰ ਕੱਢਿਆ ਜਾਵੇਗਾ ਅਤੇ ਕੈਨੇਡਾ ਦੀ ਆਰਥਿਕਤਾ ਜੀ7 ਦੇਸ਼ਾਂ ਵਿੱਚ ਸਭ ਤੋਂ ਤੇਜ਼ੀ ਨਾਲ ਅੱਗੇ ਵਧੇਗੀ

ਉਧਰ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੋਲੀਵਰ ਮੋਂਟਰਿਅਲ ਵਿੱਚ ਮੌਜੂਦ ਸਨ ਜਿੱਥੇ ਉਹਨਾਂ ਨੇ ਐਲਾਨ ਕੀਤਾ ਹੈ ਕਿ ਜੇਕਰ ਉਹਨਾਂ ਦੀ ਸਰਕਾਰ ਬਣਦੀ ਹੈ ਤਾਂ ਕੈਨੇਡਾ ਵਿੱਚ ਬਜ਼ੁਰਗਾਂ ਨਾਲ ਹੋ ਰਹੀਆਂ ਧੋਖਾ ਧੜੀਆਂ ਤੇ ਉਹਨਾਂ ਦੇ ਬੈਂਕਾਂ ਵਿੱਚੋਂ ਨਿਕਲ ਰਹੀਆਂ ਉਹਨਾਂ ਦੀਆਂ ਉਮਰ ਭਰ ਦੀਆਂ ਸੇਵਿੰਗਸ ਨੂੰ ਬਚਾਉਣ ਵਾਸਤੇ ਕਾਨੂੰਨ ਲਿਆਂਦਾ ਜਾਵੇਗਾ ਜਿਸ ਨੂੰ ਸਟੋਪ ਸਕੈਮਿੰਗ ਸੀਨੀਅਰ ਐਕਟ ਨਾਮ ਦਿੱਤਾ ਜਾਵੇਗਾ ਜਿਸ ਦੇ ਤਹਿਤ ਉਹਨਾਂ ਨੇ ਕਈ ਨੁਕਤੇ ਸਾਂਝੇ ਕੀਤੇ ਹਨ ਕਿ ਕਿਸ ਤਰ੍ਹਾਂ ਇਸ ਮੌਜੂਦਾ ਦੌਰ ਦੇ ਵਿੱਚ ਬਜ਼ੁਰਗਾਂ ਨਾਲ ਫੋਨ ਕਾਲਾਂ ਆਰਟੀਫਿਸ਼ਅਲ ਇੰਟੈਲੀਜੈਂਸ ਅਤੇ ਕੰਪਿਊਟਰਾਂ ਰਾਹੀਂ ਧੋਖਾਧੜੀ ਹੋ ਰਹੀ ਹੈ ਅਤੇ ਉਸ ਨੂੰ ਕਿਸ ਤਰ੍ਹਾਂ ਰੋਕਿਆ ਜਾਵੇਗਾ

ਚੋਣ ਪ੍ਰਚਾਰ ਦੇ ਦੌਰਾਨ ਐਨਡੀਪੀ ਲੀਡਰ ਜਗਮੀਤ ਸਿੰਘ ਨੇ ਆਖਿਆ ਹੈ ਕਿ ਡੋਨਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਵਪਾਰਕ ਜੰਗ ਦੇ ਚੱਲਦਿਆਂ ਕੈਨੇਡਾ ਦੇ ਆਮ ਲੋਕ ਬੇਹਦ ਚਿੰਤਤ ਹਨ ਪਰ ਉਹਨਾਂ ਨੇ ਨਾਲ ਹੀ ਲਿਬਰਲ ਲੀਡਰ ਮਾਰਕ ਕਾਰਨੀ ਉੱਪਰ ਸ਼ਬਦੀ ਹਮਲੇ ਕਰਦਿਆਂ ਆਖਿਆ ਕਿ ਮਾਰਕ ਕਾਰਨੀ ਵੱਲੋਂ ਆਮ ਲੋਕਾਂ ਲਈ ਸ਼ੁਰੂ ਕੀਤੀਆਂ ਗਈਆਂ ਸੇਵਾਵਾਂ ਵਿੱਚ ਕੱਟ ਟ ਲਗਾਏ ਜਾਣਗੇ ਅਤੇ ਵੱਡੇ ਧਨਾਡਾਂ ਨੂੰ ਟੈਕਸ ਵਿੱਚੋਂ ਛੋਟ ਦਿੱਤੀ ਜਾਵੇਗੀ ਉਨਾਂ ਉਦਾਹਰਣ ਦਿੰਦਿਆਂ ਆਖਿਆ ਕਿ ਜੋ ਲੋਕ ਨੌਕਰੀਆਂ ਕਰਨ ਵਾਲੇ ਹਨ ਉਹਨਾਂ ਦੀ ਤਾਂ ਸਾਰੀ ਆਮਦਨ ਟੈਕਸ ਯੋਗ ਹੈ ਪਰ ਜੋ ਲੋਕ ਸ਼ੇਅਰ ਮਾਰਕੀਟ ਰਾਹੀਂ ਲੱਖਾਂ ਡਾਲਰ ਕਮਾਉਂਦੇ ਹਨ ਉਹਨਾਂ ਦੀ ਸਿਰਫ ਅੱਧੀ ਕਮਾਈ ਟੈਕਸ ਯੋਗ ਹੈ ਫੈਡਰਲ ਲਿਬਰਲ ਪਾਰਟੀ ਦੇ ਲੀਡਰ ਮਾਰਕ ਕਾਰਨੀ ਨੇ ਆਖਿਆ ਹੈ ਕਿ ਜੇਕਰ ਉਹਨਾਂ ਦੀ ਸਰਕਾਰ ਬਣਦੀ ਹੈ ਤਾਂ ਕੈਨੇਡਾ ਨੂੰ ਰੱਖਿਆ ਖੇਤਰ ਵਿੱਚ ਆਤਮ ਨਿਰਭਰ ਬਣਾਉਣ ਵਾਸਤੇ ਮੇਡ ਇਨ ਕੈਨੇਡਾ ਰੱਖਿਆ ਉਪਕਰਨ ਖ਼ਰੀਦੇ ਜਾਣਗੇ ਉਨਾਂ ਇਸ ਦੇ ਨਾਲ ਹੀ ਆਖਿਆ ਕਿ ਨੌਰਥ ਅਮੇਰੀਕਨ ਏਅਰੋ ਸਪੇਸ ਡਿਫੈਂਸ ਕਮਾਂਡ ਯਾਨੀ ਨੌਰਾਡ ਦੇ ਦਾ ਵੀ ਆਧੁਨਿਕੀਕਰਨ ਕੀਤਾ ਜਾਵੇਗਾ ਉਹਨਾਂ ਆਖਿਆ ਕਿ ਆਰਕਟਿਕ ਵਿੱਚ ਸਾਰਾ ਸਾਲ ਹੀ ਕਨੇਡੀਅਨ ਆਰਮਡ ਫੋਰਸ ਦੀ ਮੌਜੂਦਗੀ ਨੂੰ ਵਧਾਇਆ ਜਾਵੇਗਾ ਅਤੇ ਫੌਜੀ ਸਾਜੋ ਸਮਾਨ ਨਿਯੁਕਤ ਕੀਤਾ ਜਾਵੇਗਾ ਉਹਨਾਂ ਆਖਿਆ ਕਿ ਅਸੀਂ ਆਪਣੇ ਯੂਰਪੀ ਭਾਈਵਾਲਾਂ ਨਾਲ ਗੱਲ ਕਰ ਰਹੇ ਹਾਂ ਤਾਂ ਕਿ ਅਸੀਂ ਡਿਫੈਂਸ ਸਪਲਾਈ ਚੇਨ ਦਾ ਹਿੱਸਾ ਹੋਈਏ ਅਤੇ ਆਪਣੇ ਭਰੋਸੇਯੋਗ ਭਾਈਵਾਲਾਂ ਨਾਲ ਮਿਲ ਕੇ ਕੰਮ ਕਰੀਏ।

ਫੈਡਰਲ ਕੰਜਰਵੇਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੇ ਚੋਣ ਪ੍ਰਚਾਰ ਦੌਰਾਨ ਆਖਿਆ ਕਿ ਜੇਕਰ ਉਹਨਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਦੇਸ਼ ਵਿੱਚ ਵਧ ਰਹੇ ਅਪਰਾਧਾਂ ਨੂੰ ਠੱਲ ਪਾਉਣ ਲਈ ਸੈਕਸ਼ਨ 33 ਦੀ ਵਰਤੋਂ ਕੀਤੀ ਜਾਵੇਗੀ ਉਹਨਾਂ ਆਖਿਆ ਕਿ ਲਿਬਰਲ ਪਾਰਟੀ ਦੀ ਸਰਕਾਰ ਵੱਲੋਂ ਲਿਆਂਦੇ ਗਏ ਕਨੂੰਨਾਂ ਕਾਰਨ ਦੇਸ਼ ਵਿੱਚ ਅਪਰਾਧੀਆਂ ਦਾ ਬੋਲਬਾਲਾ ਹੈ ਉਹਨਾਂ ਆਖਿਆ ਕਿ ਸਾਡੀ ਸਰਕਾਰ ਆਉਣ ਤੇ ਲਿਬਰਲ ਸਰਕਾਰ ਦੇ ਉਹ ਸਾਰੇ ਕਾਨੂੰਨ ਰੱਦ ਕਰ ਦਿੱਤੇ ਜਾਣਗੇ ਅਤੇ ਅਪਰਾਧੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ

















ਕੰਜ਼ਰਵੇਟਿਵ ਪਾਰਟੀ ਲੀਡਰ ਪੀਅਰ ਪੌਇਲਿਐਵ ਵੱਲੋਂ ਕੀਤੇ ਗਏ ਅਹਿਮ ਐਲਾਨ:

## ਬਜ਼ੁਰਗਾਂ ਵਾਸਤੇ

- ✔ ਕੰਮ-ਕਾਜੀ ਬਜ਼ੁਰਗਾਂ ਨੂੰ 34 ਹਜ਼ਾਰ ਡਾਲਰ ਕਮਾਈ ਤੱਕ ਕੋਈ ਇਨਕਮ ਟੈਕਸ ਨਹੀਂ (ਹੁਣ ਤੱਕ ਇਹ ਰਕਮ 24 ਹਜ਼ਾਰ ਡਾਲਰ ਹੈ)
- ✔ ਰਿਟਾਇਰਮੈਂਟ ਦੀ ਉਮਰ 65 ਸਾਲ ਹੀ ਰਹੇਗੀ (67 ਨਹੀਂ ਹੋਵੇਗੀ)
- ✔ ਬਜ਼ੁਰਗ ਆਪਣੀ ਆਰ.ਆਰ.ਐਸ.ਪੀ. ਬੱਚਤ 73 ਸਾਲ ਦੀ ਉਮਰ ਤੱਕ ਰੱਖ ਸਕਣਗੇ (ਹੁਣ ਤੱਕ ਇਹ ਉਮਰ ਸੀਮਾ 71 ਸਾਲ ਹੈ)

## ਕਿਊਬੈਕ ਦੇ ਬਿਲ 21 ਬਾਰੇ

- ✔ ਕਿਊਬੈਕ ਸਰਕਾਰ ਦੇ ਬਿਲ 21 ਕਾਨੂੰਨ ਦਾ ਵਿਰੋਧ ਕੀਤਾ ਜਾਵੇਗਾ
- ✔ ਇਸ ਕਾਨੂੰਨ ਤਹਿਤ ਲੋਕ ਆਪਣੇ ਧਾਰਮਿਕ ਪ੍ਰਤੀਕ ਚਿੰਨ੍ਹ ਜਿਵੇਂ ਪੱਗ, ਕਿਰਪਾਣ, ਕਿੱਪਾ, ਕੜਾ, ਹਿਜਾਬ ਆਦਿ ਪਹਿਨ ਕੇ ਸਰਕਾਰੀ ਨੌਕਰੀ ਨਹੀਂ ਕਰ ਸਕਦੇ
- ✔ ਪੀਅਰ ਪੌਇਲਿਐਵ ਇਸ ਕਾਨੂੰਨ ਦਾ ਵਿਰੋਧ ਕਰਨਗੇ

## CANADA FIRST. FOR A CHANGE.

- ✔ ਅਮਰੀਕੀ ਟੈਰਿਫਾਂ ਉੱਪਰ ਬਰਾਬਰੀ ਦਾ ਜਵਾਬ
- ✔ ਟੈਰਿਫਾਂ ਤੋਂ ਪ੍ਰਭਾਵਿਤ ਵਿਅਕਤੀਆਂ ਅਤੇ ਅਦਾਰਿਆਂ ਲਈ ਟੈਰਿਫ ਮਾਲੀਆ ਦੀ ਮਦਦ
- ✔ ਕੰਮ-ਕਾਰਾਂ, ਨਿਵੇਸ਼ਾਂ, ਊਰਜਾ ਅਤੇ ਘਰ ਨਿਰਮਾਣ ਵਾਸਤੇ Bring it Home ਟੈਕਸ ਕਟੌਤੀ
- ✔ ਲਿਬਰਲ ਸਰਕਾਰ ਦੇ ਐਨਰਜੀ ਵਿਰੋਧੀ ਕਾਨੂੰਨ ਸੀ-69 ਅਤੇ ਗ੍ਰੀਨਲਾਇਟ ਰਿਸੋਰਸ ਪ੍ਰੋਜੈਕਟਾਂ ਦਾ ਖਾਤਮਾ
- ✔ ਸੂਬਿਆਂ ਦਰਮਿਆਨ ਵਪਾਰਕ ਬੈਰੀਅਰਾਂ ਦਾ ਖਾਤਮਾ
- ✔ ਆਪਣੀ ਮਿਲਟਰੀ ਦਾ ਪੁਨਰ-ਨਿਰਮਾਣ ਅਤੇ ਆਪਣੇ ਬਾਰਡਰਾਂ ਦਾ ਕੰਟਰੋਲ ਸਾਂਭਣਾ

## ONLY COMMON-SENSE CONSERVATIVES WILL FIX THE BUDGET

- ✔ ਟੈਕਸਾਂ ਵਿੱਚ ਕਟੌਤੀ
- ✔ ਮਹਿੰਗਾਈ ਨੂੰ ਹੇਠਾਂ ਲਿਆਉਣਾ
- ✔ ਖ਼ਰਚ ਕੀਤੇ ਜਾਣ ਵਾਲੇ ਪ੍ਰਤੀ ਡਾਲਰ ਦੇ ਬਦਲੇ ਬਚਤ ਲੱਭਣਾ ਅਤੇ ਇਸ ਵਾਸਤੇ ਡੌਲਰ ਫੌਰ ਡੌਲਰ ਕਾਨੂੰਨ ਲਿਆਉਣਾ
- ✔ ਬਜਟ ਘਾਟਾ ਹੇਠਾਂ ਲਿਆਉਣਾ
- ✔ ਕੈਨੇਡੀਅਨਾਂ ਵਾਸਤੇ ਕੀਮਤਾਂ ਵਿੱਚ ਕਮੀ ਲਿਆਉਣਾ

VOTE Conservative

AUTHORIZED BY THE OFFICIAL AGENT FOR JASRAJ HALLAN, AMANPREET GILL, AND DALWINDER GILL.

## CANADA CAN'T AFFORD A FOURTH LIBERAL TERM

- ✗ ਨੌਕਰੀਆਂ ਖ਼ਤਮ ਕਰਨ ਵਾਲਾ ਕਾਰਬਨ ਟੈਕਸ
- ✗ ਬੇਕਾਬੂ ਇਮਿਗ੍ਰੇਸ਼ਨ
- ✗ ਵਧਦੀਆਂ ਹੋਈਆਂ ਮੌਰਗੇਜ ਦਰਾਂ, ਕਿਰਾਏ ਅਤੇ ਘਰਾਂ ਦੀਆਂ ਕੀਮਤਾਂ
- ✗ ਅਪਰਾਧਕ ਨੀਤੀਆਂ 'ਤੇ ਨਰਮਾਈ ਜਿਸ ਕਾਰਨ ਹਿੰਸਕ ਅਪਰਾਧ 50%, ਗੰਨ ਅਪਰਾਧ 116% ਅਤੇ ਨਫ਼ਰਤੀ ਅਪਰਾਧ 250% ਵਧੇ

## AFTER 10 YEARS OF CARNEY-TRUDEAU LIBERALS:

- ✗ 80% ਮਿਡਲ ਕਲਾਸ ਕੈਨੇਡੀਅਨ ਵਧੇਰੇ ਇਨਕਮ ਟੈਕਸ ਦੇ ਰਹੇ ਹਨ
- ✗ ਪਿਛਲੇ ਸਾਲ ਦੇ ਮੁਕਾਬਲੇ ਪਰਿਵਾਰਾਂ ਨੂੰ ਭੋਜਨ ਉੱਪਰ 800 ਡਾਲਰ ਵੱਧ ਖ਼ਰਚਣੇ ਪੈ ਰਹੇ
- ✗ ਇਕ ਮਹੀਨੇ ਦੌਰਾਨ ਰਿਕਾਰਡ 20 ਲੱਖ ਲੋਕਾਂ ਨੂੰ ਫੂਡ ਬੈਂਕ ਜਾਣਾ ਪਿਆ
- ✗ ਘਰਾਂ ਦੀਆਂ ਕੀਮਤਾਂ, ਕਿਰਾਏ ਅਤੇ ਮੌਰਗੇਜ ਦਰਾਂ ਦੁੱਗਣੀਆਂ ਹੋਈਆਂ
- ✗ ਜੀ-7 ਦੇਸ਼ਾਂ ਵਿੱਚ ਕੈਨੇਡਾ ਦੀ ਆਰਥਕ ਵਿਕਾਸ ਦਰ ਸਭ ਤੋਂ ਹੇਠਾਂ
- ✗ ਸਾਡੇ ਸਿਰਾਂ 'ਤੇ 700 ਬਿਲੀਅਨ ਡਾਲਰ ਦਾ ਨਵਾਂ ਕਰਜ਼ਾ



## ਸੰਪਾਦਕੀ

ਸੱਤਾ ਦੀ ਦੁਰਵਰਤੋਂ ਜਮਹੂਰੀਅਤ ਦੀ ਕਬਰ ਹੈ
-ਜੇਮਸ ਮੈਡੀਸਨ

# ਕਨੇਡੀਅਨ ਚੋਣਾਂ ਵਿੱਚ ਵਿਦੇਸ਼ੀ ਦਖਲ ਦੀ ਸੱਚਾਈ ਕੀ ਹੈ ?

ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖਲ ਅੰਦਾਜ਼ੀ ਦੀਆਂ ਖਬਰਾਂ ਲੰਬੇ ਸਮੇਂ ਤੋਂ ਚੱਲ ਰਹੀਆਂ ਹਨ ਅਤੇ ਇਸ ਉੱਪਰ ਇੱਕ ਲੰਬੀ ਜਾਂਚ ਵੀ ਚੱਲੀ ਸੀ ਜਿਸ ਤੋਂ ਬਾਅਦ ਇਹ ਸਿੱਟਾ ਕੱਢਿਆ ਗਿਆ ਸੀ ਕਿ ਕੈਨੇਡਾ ਦੀਆਂ ਚੋਣਾਂ ਵਿੱਚ ਭਾਰਤ ਚੀਨ ਅਤੇ ਪਾਕਿਸਤਾਨ ਆਦਿ ਦਖਲ ਅੰਦਾਜ਼ੀ ਕਰ ਸਕਦੇ ਹਨ। ਇਸ ਸਬੰਧੀ ਪ੍ਰਮੁੱਖ ਨਿਊਜ਼ ਗਰੁੱਪ ਗਲੋਬਲ ਨਿਊਜ਼ ਵੱਲੋਂ ਇੱਕ ਰਿਪੋਰਟ ਨਸ਼ਰ ਕੀਤੀ ਗਈ ਹੈ ਜਿਸ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕੰਜ਼ਰਵੇਟਿਵ ਲੀਡਰ ਪੀਅਰੇ ਪੋਲੀਵਰ ਜਦੋਂ ਲੀਡਰਸ਼ਿਪ ਦੀ ਚੋਣ ਲੜ ਰਹੇ ਸਨ ਤਾਂ ਉਹਨਾਂ ਦੀ ਵਿੱਤੀ ਤੌਰ ਤੇ ਮੱਦਦ ਸਿਆਸੀ ਤੌਰ ਤੇ ਸਰਗਰਮ ਇੱਕ ਅਜਿਹੇ ਵਿਅਕਤੀ ਵੱਲੋਂ ਕੀਤੀ ਗਈ ਜੋ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਚੋਣ ਮੁਹਿੰਮ ਵਿੱਚ ਮੱਦਦ ਕਰਦਾ ਹੈ ਅਤੇ ਇਹ ਵਿਅਕਤੀ ਓਵਰਸੀਜ ਫਰੈਂਡਸ ਆਫ ਬੀਜੇਪੀ ਕੈਨੇਡਾ ਸੰਗਠਨ ਦਾ ਫਾਊਂਡਰ ਹੈ। ਇਸ ਵਿਅਕਤੀ ਦਾ ਨਾਮ ਅਦਿੱਤਿਆ ਤਵਤੀਆ ਹੈ ਜੋ ਕਿ ਵੈਨਕੂਵਰ ਦਾ ਇੱਕ ਰਿਐਲਟਰ ਹੈ। ਪੀਅਰੇ ਪੋਲੀਵਰ ਸਾਲ 2022 ਵਿੱਚ ਆਪਣੀ ਚੋਣ ਮੁਹਿੰਮ ਦੇ ਦੌਰਾਨ ਅਦਿਤਿਆ ਤਵਤੀਆ ਦੇ ਘਰ ਪਹੁੰਚੇ ਸਨ ਜਿਸ ਉਪਰੰਤ ਤਵਤੀਆ ਨੇ ਐਕਸ ਉੱਪਰ ਇੱਕ ਪੋਸਟ ਪਾਈ ਸੀ ਕਿ ਉਹ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਦਾ ਸਵਾਗਤ ਕਰਕੇ ਮਾਣ ਮਹਿਸੂਸ ਕਰ ਰਹੇ ਹਨ। ਤਵਤੀਆ ਨੇ ਪੋਲੀਵਰ ਦੀ ਚੋਣ ਮੁਹਿੰਮ ਲਈ 1675 ਡਾਲਰ ਦੀ ਡੋਨੇਸ਼ਨ ਵੀ ਦਿੱਤੀ ਸੀ ਤੇ ਇਸ ਤੋਂ ਬਾਅਦ 3750 ਡਾਲਰ ਦੀ ਡੋਨੇਸ਼ਨ ਕੰਜ਼ਰਵੇਟਿਵ ਪਾਰਟੀ ਨੂੰ ਦਿੱਤੀ ਸੀ। ਰਿਪੋਰਟ ਵਿੱਚ ਇਹ ਵੀ ਜ਼ਿਕਰ ਕੀਤਾ ਗਿਆ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ 2014 ਵਿੱਚ ਚੋਣਾਂ ਜਿੱਤੇ ਸਨ ਤਾਂ ਉਸ ਤੋਂ ਪਹਿਲਾਂ ਤਵਤੀਆ ਵੱਲੋਂ ਆਪਣੇ ਹੋਰਨਾਂ ਸਾਥੀਆਂ ਨਾਲ ਮਿਲ ਕੇ ਓਂਟਾਰੀਓ ਦੇ ਮਿਸੀਸਾਗਾ ਵਿੱਚ ਸਥਿਤ ਹਿਲਟਨ ਗਾਰਡਨ ਇਨ ਹੋਟਲ ਦੇ ਵਿੱਚ ਇੱਕ ਇਕੱਠ ਕੀਤਾ ਗਿਆ ਸੀ, ਜਿੱਥੇ ਉਹਨਾਂ ਨੇ ਓਵਰਸੀਜ ਫਰੈਂਡਸ ਆਫ ਬੀਜੇਪੀ ਕੈਨੇਡਾ ਦਾ ਗਠਨ ਕੀਤਾ ਸੀ। ਇਸ ਰਿਪੋਰਟ ਅਨੁਸਾਰ ਇਲੈਕਸ਼ਨ ਕੈਨੇਡਾ ਦੇ ਰਿਕਾਰਡ ਤੋਂ ਪਤਾ ਲੱਗਦਾ ਹੈ ਕਿ ਓਵਰਸੀਜ ਫਰੈਂਡਜ਼ ਆਫ ਬੀਜੇਪੀ ਕੈਨੇਡਾ ਦੇ ਚਾਰ ਕਨਵੀਨਰਾਂ ਵੱਲੋਂ ਪੋਲੀਵਰ ਦੀ ਲੀਡਰਸ਼ਿਪ ਮੁਹਿੰਮ ਵਿੱਚ ਹਜ਼ਾਰਾਂ ਡਾਲਰ ਦੀ ਡੋਨੇਸ਼ਨ ਦਿੱਤੀ ਗਈ ਸੀ ਇਸ ਤੋਂ ਇਲਾਵਾ ਸੋਸ਼ਲ ਮੀਡੀਆ ਤੇ ਪਾਈਆਂ ਗਈਆਂ ਪੋਸਟਾਂ ਰਾਹੀਂ ਇਹ ਵੀ ਪਤਾ ਲੱਗਾ ਕਿ ਤਵਤੀਆ ਪੋਲੀਵਰ ਦੀ ਲੀਡਰਸ਼ਿਪ ਚੋਣ ਮੁਹਿੰਮ ਦੇ ਦੌਰਾਨ ਸੱਤ ਸਮਾਗਮਾਂ ਵਿੱਚ ਮੌਜੂਦ ਸੀ ਇਸ ਤੋਂ ਇਲਾਵਾ ਵਰਚੁਅਲ ਔਟਵਾ ਵਿੱਚ ਪੋਲੀਵਰ ਦੀ ਚੋਣ ਮੁਹਿੰਮ ਦੇ ਕੋ ਚੇਅਰ ਨਾਲ ਵੀ ਮਿਲਿਆ ਸੀ ਅਤੇ ਕੰਜ਼ਰਵੇਟਿਵ ਪਾਰਟੀ ਦੇ ਦੋ ਪਾਰਲੀਮੈਂਟ ਮੈਂਬਰ ਉਸਦੇ ਘਰ ਬਰੇਕਫਾਸਟ ਲਈ ਪਹੁੰਚੇ ਸਨ ਤਾਂ ਕਿ ਕੰਜਰਵਟਿਵ ਪਾਰਟੀ ਦੇ ਕੈਨੇਡਾ ਦੇ ਭਵਿੱਖ ਬਾਰੇ ਨਜ਼ਰੀਏ ਉੱਪਰ ਚਰਚਾ ਕੀਤੀ ਜਾ ਸਕੇ। ਹਾਲਾਂਕਿ ਜਦੋਂ ਤਵਤੀਆ ਨੂੰ ਇਸ ਸਬੰਧੀ ਪੁੱਛਿਆ ਗਿਆ ਤਾਂ ਉਹਨਾਂ ਆਖਿਆ ਕਿ ਅਸੀਂ ਕੰਜ਼ਰਵਟਿਵ ਪਾਰਟੀ ਨੂੰ ਪਸੰਦ ਕਰਦੇ ਹਾਂ ਅਤੇ ਇਸ ਵਿੱਚ ਕੁੱਝ ਵੀ ਗਲਤ ਨਹੀਂ ਹੈ। ਉਹਨਾਂ ਆਖਿਆ ਕਿ ਅਸੀਂ ਦੇਸ਼ ਭਗਤ ਕਨੇਡੀਅਨ ਹਾਂ ਤੇ ਸਾਨੂੰ ਕਨੇਡੀਅਨ ਹੋਣ ਤੇ ਮਾਣ ਹੈ ਅਤੇ ਅਸੀਂ ਲੋਕਤੰਤਰ ਵਾਸਤੇ ਵਧੀਆ ਕੰਮ ਕਰ ਰਹੇ ਹਾਂ। ਇਸੇ ਦੌਰਾਨ 28 ਅਪ੍ਰੈਲ ਨੂੰ ਹੋ ਰਹੀਆਂ ਕੈਨੇਡਾ ਦੀਆਂ ਫੈਡਰਲ ਚੋਣਾਂ ਲਈ ਚੋਣ ਪ੍ਰਚਾਰ ਕਰ ਰਹੇ ਕੰਜਰਵਟਿਵ ਪਾਰਟੀ ਦੇ ਲੀਡਰ ਪੀਅਰੇ ਪੋਲੀਵਰ ਨੂੰ ਇੱਕ ਪੱਤਰਕਾਰ ਵੱਲੋਂ ਸਵਾਲ ਕੀਤਾ ਗਿਆ ਕਿ ਕੀ ਉਹ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਲ ਸੰਬੰਧਿਤ ਸੰਗਠਨ ਜੋ ਓਵਰਸੀਜ ਫਰੈਂਡਸ ਆਫ ਬੀਜੇਪੀ ਕੈਨੇਡਾ ਦੇ ਤੌਰ ਤੇ ਜਾਣਿਆ ਜਾਂਦਾ ਹੈ, ਵੱਲੋਂ ਇਲੈਕਸ਼ਨ ਕੈਮਪੇਨ ਵਾਸਤੇ ਫੰਡਿੰਗ ਲੈਣ ਲਈ ਕੰਫਰਟੇਬਲ ਹਨ ਤਾਂ ਇਸ ਤੇ ਪੋਲਿਵਰ ਨੇ ਜਵਾਬ ਦਿੱਤਾ ਕਿ ਮੈਨੂੰ ਆਨਲਾਈਨ ਵੱਖ-ਵੱਖ ਲੋਕਾਂ ਵੱਲੋਂ 37 ਹਜਾਰ ਡਾਲਰ ਦੀ ਫੰਡਿੰਗ ਮਿਲੀ ਹੈ ਅਤੇ ਸਾਡੇ ਕੋਲ ਇਹ ਸਮਰੱਥਾ ਨਹੀਂ ਹੈ ਕਿ ਅਸੀਂ ਇਹ ਫੰਡ ਦੇਣ ਵਾਲੇ ਹਰੇਕ ਵਿਅਕਤੀ ਦੇ ਪਿਛੋਕੜ ਨੂੰ ਚੈੱਕ ਕਰ ਸਕੀਏ । ਉਹਨਾਂ ਆਖਿਆ ਕਿ ਅਸੀਂ ਕਿਸੇ ਵੀ ਵਿਦੇਸ਼ੀ ਦਖਲ ਅੰਦਾਜ਼ੀ ਦੀ 100 ਫੀਸਦੀ ਨਿੰਦਾ ਕਰਦੇ ਹਾਂ ਇਸ ਤੋਂ ਬਾਅਦ ਪੋਲੀਵਰ ਨੇ ਇਸ ਮੁੱਦੇ ਨੂੰ ਬਦਲਣ ਦੀ ਕੋਸ਼ਿਸ਼ ਕਰਦਿਆਂ ਪੱਤਰਕਾਰ ਨੂੰ ਆਖਿਆ ਕਿ ਤੁਹਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਲਿਬਰਲ ਲੀਡਰ ਮਾਰਕ ਕਾਰਨੀ ਚੀਨ ਦੀ ਕਮਿਊਨਿਸਟ ਸਰਕਾਰ ਕੋਲੋਂ ਕਿਉਂ ਚੋਣ ਪ੍ਰਚਾਰ ਲਈ ਮੱਦਦ ਲੈ ਰਹੇ ਹਨ ਹਨ। ਉਹਨਾਂ ਦਾਅਵਾ ਕੀਤਾ ਕਿ ਚੀਨ ਸਰਕਾਰ ਮਾਰਕ ਕਾਰਨੀ ਲਈ ਚੋਣ ਮੁਹਿੰਮ ਵਿੱਚ ਬੜੀ ਸਰਗਰਮੀ ਨਾਲ ਦਖਲ ਦੇ ਰਹੀ ਹੈ। ਇਹ ਜੋ ਹੁਣ ਤੱਕ ਖ਼ਬਰਾਂ ਜ਼ਰੀਏ ਸਾਹਮਣੇ ਆਇਆ ਹੈ ਇਸ ਸਬੰਧੀ ਕੋਈ ਵੀ ਲੀਡਰ ਆਪਣੇ ਉੱਪਰ ਇੱਕ ਵੀ ਛਿੱਟਾ ਨਹੀਂ ਪੈਣ ਦਿੰਦਾ ਸਗੋਂ ਗੱਲ ਗੱਲ ਉੱਪਰ ਚਿੱਟਾ ਦਾਮਨ ਲੈਕੇ ਸਾਹਮਣੇ ਆਉਂਦਾ ਹੈ ਤਾਂ ਕਨੇਡੀਅਨ ਰਾਸ਼ਟਰੀਅਤਾ ਦੀਆਂ ਦਾਅਵੇਦਾਰੀਆਂ ਨਾਮੋਸ਼ੀ ਨਾਲ ਨੀਵੀ ਪਾ ਲੈਂਦੀਆਂ ਹਨ। ਕਨੇਡੀਅਨ ਰਾਸ਼ਟਰੀਅਤਾ ਦੇ ਬੁਰਕੇ ਹੇਠੋਂ ਅਸਲੀ ਚਿਹਰਾ ਅੱਗੇ ਲੈਕੇ ਆਉਣ ਦੀ ਲੋੜ ਹੈ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਸੱਚਮੁੱਚ ਸਿੱਖਿਆ ਕ੍ਰਾਂਤੀ ਦੀ ਲੋੜ



-ਗੁਰਮੀਤ ਸਿੰਘ ਪਲਾਹੀ
-9815802070

ਅੱਜ ਜਿਵੇਂ ਸਿਆਸਤਦਾਨ ਇੱਕ-ਦੂਜੇ ਨਾਲ ਵਿਵਹਾਰ ਕਰਦੇ ਹਨ, ਇੱਕ-ਦੂਜੇ ਬਾਰੇ ਬੋਲਦੇ, ਤਾਹਨੇ-ਮੇਹਨੇ ਦਿੰਦੇ, ਇੱਕ-ਦੂਜੇ ਦੇ ਪੋਤੜੇ ਫੋਲਦੇ, ਇੱਕ-ਦੂਜੇ ਤੇ ਊਜਾਂ ਲਾਉਂਦੇ ਹਨ, ਕੀ ਇਹ ਕਿਸੇ ਸਿਖਿਅਤ ਸਖ਼ਸ਼ੀਅਤ ਦਾ ਵਿਵਹਾਰ ਹੈ? ਲੋਕਾਂ ਦੇ ਮਸਲਿਆਂ ਨੂੰ ਨਾ ਸਮਝਣਾ, ਕੁਰਸੀ ਯੁੱਧ ਨੂੰ ਅਹਿਮੀਅਤ ਦੇਣੀ, ਨੈਤਿਕਤਾ ਦਾ ਪੱਲਾ ਹੱਥੋਂ ਛੱਡ ਦੇਣਾ, ਕਿਸ ਕਿਸਮ ਦੀ ਸਿਆਸਤ ਹੈ? ਪੰਜਾਬ ਦੇ ਪੜ੍ਹੇ-ਲਿਖੇ ਕਿੰਨੇ ਸਿਆਸਤਦਾਨ, ਲੋਕਾਂ ਦਾ ਦਰਦ ਪਛਾਣਦੇ ਹਨ, ਲੋਕਾਂ ਦੇ ਮਸਲਿਆਂ ਦਾ ਹੱਲ ਲੱਭਣ ਲਈ ਡੂੰਘਾਈ 'ਚ ਅਧਿਐਨ ਕਰਦੇ ਹਨ, ਆਪਣੇ ਸੂਬੇ ਦਾ ਕੇਸ ਉਪਰਲੀ ਅਦਾਲਤ, ਜਾਂ ਉਪਰਲੀ ਸਰਕਾਰ ਤੱਕ ਲੈ ਕੇ ਜਾਂਦੇ ਹਨ?

ਕੀ ਸਿਆਸਤਦਾਨ ਪੰਜਾਬ ਦੀ ਆਪਣੀ ਖੇਤੀ ਨੀਤੀ ਬਣਾ ਸਕੇ ਜਾਂ ਵਿਦਵਾਨਾਂ, ਪੜ੍ਹਾਕੂਆਂ, ਪਾਰਖੂਆਂ ਤੋਂ ਬਣਵਾ ਸਕੇ? ਕੀ ਪੰਜਾਬ ਦੀ ਸਿੱਖਿਆ ਨੀਤੀ ਬਣਵਾ ਸਕੇ? ਜਿਸ ਦੀ ਲੋੜ ਅੱਜ ਦੇ ਸਮੇਂ 'ਚ ਵਧੇਰੇ ਹੈ ਪੰਜਾਬੀਆਂ ਨੂੰ । ਕੀ ਇਹ ਸਭ ਕੁਝ ਸਿੱਖਿਆ ਦੀ ਘਾਟ ਦਾ ਸਿੱਟਾ ਨਹੀਂ ਹੈ?

ਗੱਲ ਇਕੱਲੀ ਸਿਆਸਤਦਾਨਾਂ ਦੀ ਹੀ ਨਹੀਂ ਹੈ। ਗੱਲ ਧਾਰਮਿਕ ਸਖ਼ਸ਼ੀਅਤਾਂ ਅਤੇ ਸਮਾਜਕ ਸੇਵਕਾਂ ਨਾਲ ਵੀ ਜੁੜੀ ਹੋਈ ਹੈ। ਗੱਲ ਸੂਬੇ ਦੇ ਵਿਚਾਰਵਾਨਾਂ, ਲੇਖਕਾਂ, ਬੁੱਧੀਜੀਵੀਆਂ ਨਾਲ ਵੀ ਜੁੜੀ ਹੋਈ ਹੈ, ਜਿਹੜੇ ਆਪਣਾ ਬਣਦਾ-ਸਰਦਾ ਰੋਲ ਨਿਭਾਉਣ ਤੋਂ ਅੱਖਾਂ ਮੀਟਕੇ ਸਿਰਫ਼ ਆਪਣੇ "ਰੋਟੀ ਪਾਣੀ" ਦੇ ਚੱਕਰ 'ਚ ਅੱਖਾਂ ਮੀਟੀ ਬੈਠੇ ਰਹੇ? ਕਿੰਨੇ ਕੁ ਨੀਤੀਵਾਨ, ਵਿਚਾਰਵਾਨ ਇਹੋ ਜਿਹੇ ਹਨ, ਜਿਹੜੇ ਗਰਕ ਹੋ ਰਹੇ, ਉਜੜ ਰਹੇ ਪੰਜਾਬ ਦੀਆਂ ਸਮੱਸਿਆਵਾਂ ਦੇ ਕਾਰਨਾਂ ਨੂੰ ਲੋਕਾਂ ਸਾਹਵੇਂ ਲਿਆ ਰਹੇ ਹਨ? ਜਿਹੜਾ ਕਿ ਉਹਨਾ ਦਾ ਫ਼ਰਜ਼ ਹੈ। ਯੂਨੀਵਰਸਿਟੀਆਂ ਸੁੱਤੀਆਂ ਪਈਆਂ ਹਨ। ਹਜ਼ਾਰਾਂ ਲੋਕ ਸਿਰਫ਼ ਖੋਜ਼ ਦੇ ਨਾਅ 'ਤੇ ਪੀ.ਐਚ.ਡੀ. ਕਰਦੇ ਹਨ, ਆਪਣਾ ਕਰੀਅਰ ਬਨਾਉਣ ਲਈ, ਪੈਸੇ ਕਮਾਉਣ ਲਈ ਅਤੇ ਬੱਸ ਸਰਖ਼ਰੂ ਹੋ ਜਾਂਦੇ ਹਨ। ਭੁੱਲ ਹੀ ਗਏ ਹਨ ਸਿੱਖਿਆ ਦੇ ਅਰਥ! ਭੁੱਲ ਹੀ ਗਏ ਹਨ ਕਿ ਵਿਦਵਾਨਾਂ, ਖੋਜ਼ੀਆਂ ਦਾ ਫਰਜ਼ ਲੋਕਾਂ ਨੂੰ ਚਾਨਣਾ ਦੇਣਾ ਹੈ, ਸਿਰਫ਼ ਵਾਹ ਵਾਹ ਖੱਟਣਾ ਜਾਂ ਚੇਲਿਆਂ, ਬਾਲਕਿਆਂ ਤੋਂ ਵਾਹ-ਵਾਹ ਕਰਵਾਉਣਾ ਨਹੀਂ।

ਆਜ਼ਾਦੀ ਉਪਰੰਤ ਪੰਜਾਬ ਦੋ ਹਿੱਸਿਆਂ 'ਚ ਵੰਡਿਆ ਗਿਆ। ਲੱਖਾਂ ਬੱਚੇ, ਸਕੂਲਾਂ ਤੋਂ ਬਾਂਝੇ ਹੋ ਗਏ। ਗਰਮ-ਸਰਦ ਸਮਿਆਂ 'ਚ ਪੰਜਾਬ ਦੀ ਸਿੱਖਿਆ ਮਧੋਲੀ ਗਈ। ਸਮਾਂ ਬੀਤਣ 'ਤੇ ਬੇਰੁਜ਼ਗਾਰੀ ਵਧੀ। ਪ੍ਰਵਾਸ ਵਧਿਆ। ਆਇਲਿਟਸ ਨੇ ਪੰਜਾਬ ਦੀ ਸਿੱਖਿਆ ਤੇ ਸਿੱਖਿਆ ਸੰਸਥਾਵਾਂ ਰੋਲ ਦਿੱਤੀਆਂ, ਬੰਦ ਕਰਵਾ ਦਿੱਤੀਆਂ। ਕਿਹੜੀ ਸਰਕਾਰ ਕਾਰਨ ਜਾਣ ਸਕੀ ਕਿ ਇਹ ਪ੍ਰਵਾਸ ਨੌਜਵਾਨਾਂ ਦੀ ਮਜਬੂਰੀ ਕਿਉਂ ਬਣ ਰਿਹਾ ਹੈ?

ਬੇਰੁਜ਼ਗਾਰੀ, ਨਸ਼ਿਆਂ ਦਾ ਵਗਦਾ ਦਰਿਆ, ਸਿੱਖਿਆ ਦੀ ਘਾਟ ਦਾ ਹੀ ਤਾਂ ਸਿੱਟਾ ਹੈ। ਸਿੱਖਿਆ ਹੋਏਗੀ, ਚੰਗੀ ਖੇਤੀ ਹੋਏਗੀ। ਸਿੱਖਿਆ ਹੋਏਗੀ ਰੁਜ਼ਗਾਰ ਹੋਏਗਾ, ਕਾਰੋਬਾਰ ਹੋਏਗਾ। ਪਰ ਜੇਕਰ ਸਿੱਖਿਆ ਦੇ ਮੁੱਢਲੇ ਅਧਿਕਾਰ ਨੂੰ ਸਰਕਾਰਾਂ ਭੁੱਲਕੇ ਪਬਲਿਕ ਸਕੂਲਾਂ ਰਾਹੀਂ ਲੋਕਾਂ ਤੋਂ ਪੈਸਾ ਬਟੋਰਨ ਦੇ ਚੱਕਰ 'ਚ ਆਪਣਾ ਫ਼ਰਜ਼ ਹੀ ਭੁੱਲ ਜਾਣਗੀਆਂ ਤਾਂ ਉਸ ਖਿੱਤੇ ਦੇ ਲੋਕਾਂ ਦਾ ਆਖ਼ਰ ਹਾਲ ਕੀ ਹੋ ਜਾਏਗਾ? ਉਹੋ ਹਾਲ ਹੋਏਗਾ, ਜੋ ਪੰਜਾਬ ਦੇ ਲੋਕਾਂ ਦਾ ਇਸ ਵੇਲੇ ਹੋਇਆ ਪਿਆ ਹੈ। ਲੱਖ ਸਰਕਾਰ ਇਹ ਕਹੇ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਦਾ ਢਾਂਚਾ ਸੁਧਾਰ ਦਿੱਤਾ ਹੈ, ਇਸਨੂੰ ਪਬਲਿਕ ਸਕੂਲਾਂ ਦੇ ਹਾਣ ਦਾ ਕਰ ਦਿੱਤਾ ਹੈ ਕਹਿਣ ਨੂੰ ਇਹ ਸਿੱਖਿਆ ਕ੍ਰਾਂਤੀ ਹੈ ਪਰ ਅੱਜ ਵੀ ਸਰਕਾਰੀ ਸਕੂਲ ਆਮ ਆਦਮੀ ਦੀ ਆਖ਼ਰੀ ਮਜ਼ਬੂਰੀ ਬਣੇ ਹੋਏ ਹਨ, ਜਿਥੇ ਉਹ ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਮਨੋ ਨਹੀਂ, ਬੇਬਸੀ 'ਚ ਭੇਜਦਾ ਹੈ। ਹਾਲ ਪਬਲਿਕ ਸਕੂਲਾਂ ਦਾ ਵੀ ਇਹੋ ਹੈ, ਜਿਥੇ ਸਿੱਖਿਆ ਦਿੱਤੀ ਨਹੀਂ ਜਾਂਦੀ, ਵੇਚੀ ਜਾਂਦੀ ਹੈ। ਹਾਲ ਪ੍ਰੋਫੈਸ਼ਨਲ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਪ੍ਰੋਫੈਸ਼ਨਲ ਕਾਲਜਾਂ ਦਾ ਵੀ ਇਹੋ ਹੈ। ਸਵਾਲ ਉੱਠਦਾ ਹੈ ਕਿ ਕੀ ਸਿੱਖਿਆ ਕੋਈ ਵੇਚਣ ਵਾਲੀ ਚੀਜ਼ ਹੈ?

ਪੰਜਾਬ 'ਚ 17 ਯੂਨੀਵਰਸਿਟੀਆਂ ਹਨ, ਜੋ ਸਰਕਾਰੀ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਹਨ। 14 ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿਟੀਆਂ ਹਨ। 8 ਮੈਡੀਕਲ ਕਾਲਜ ਹਨ। ਦਰਜਨਾਂ ਇੰਜੀਨੀਅਰਿੰਗ ਟੈਕਨੌਲੌਜੀ ਕਾਲਜ ਹਨ। ਆਰਟਸ ਕਾਲਜਾਂ ਦੀ ਗਿਣਤੀ ਸੈਂਕੜਿਆਂ ਵਿਚ ਹੈ। ਪਬਲਿਕ ਮਾਡਲ ਸਕੂਲ ਥਾਂ-ਥਾਂ ਖੁਲ੍ਹੇ ਹੋਏ ਹਨ। ਪਰ ਇਹਨਾ ਸਾਰਿਆਂ ਤੋਂ ਵੱਧ ਮਨਜ਼ੂਰਸ਼ੁਦਾ ਅਤੇ ਗ਼ੈਰ-ਮਨਜ਼ੂਰਸ਼ੁਦਾ ਆਇਲਿਟਸ ਸੈਂਟਰ ਹਨ। ਪਰ ਬਹੁਤ ਹੀ ਘੱਟ ਗਿਣਤੀ 'ਚ ਪੀ.ਸੀ.ਐਸ., ਆਈ.ਏ.ਐਸ., ਆਈ.ਪੀ.ਐਸ., ਕੰਪੀਟੀਸ਼ਨ ਦੀ ਤਿਆਰੀ ਕਰਵਾਉਣ ਵਾਲੇ ਸੈਂਟਰ ਹਨ।

ਲਗਭਗ ਹਰ ਪਿੰਡ ਅਤੇ ਹਰ ਸ਼ਹਿਰ 'ਚ ਸਰਕਾਰੀ ਪ੍ਰਾਇਮਰੀ ਸਕੂਲ ਹੈ, ਤੇ ਵੱਡੀ ਗਿਣਤੀ 'ਚ ਮਿਡਲ, ਹਾਈ, ਹਾਇਰ ਸੈਕੰਡਰੀ ਸਕੂਲ ਹਨ। ਉਸ ਸੂਬੇ 'ਚ ਜਿਥੇ ਸਕੂਲਾਂ, ਕਾਲਜਾਂ, ਪ੍ਰੋਫੈਸ਼ਨਲ ਕਾਲਜਾਂ ਦੀ ਭਰਮਾਰ ਹੋਵੇ ਉਥੇ ਇਹਨਾ ਵਿਦਿਅਕ ਸੰਸਥਾਵਾਂ 'ਚ ਜਦੋਂ ਅਸਲ ਸਿੱਖਿਆ ਦੀ ਘਾਟ ਹੋਵੇ, ਤਾਂ ਸਵਾਲ ਚੁੱਕਣਾ ਤਾਂ ਬਣਦਾ ਹੀ ਹੈ ਕਿ ਇਹ ਸਿੱਖਿਆ ਅਦਾਰੇ ਆਖ਼ਰ ਖੋਲ੍ਹੇ ਹੀ ਕਿਉਂ ਗਏ ਹੋਏ ਹਨ? ਕੀ ਇਹਨਾ ਦੇ ਖੋਲ੍ਹਣ ਪਿੱਛੇ ਸੇਵਾ ਭਾਵਨਾ ਹੈ, ਜਾਂ ਕਾਰੋਬਾਰੀ ਭਾਵਨਾ? ਕਦੇ ਮਿਸ਼ਨਰੀ ਲੋਕਾਂ ਨੇ ਪੰਜਾਬ ਨੂੰ ਸਿੱਖਿਅਤ ਕਰਨ ਲਈ ਆਰੀਆ, ਖ਼ਾਲਸਾ, ਕ੍ਰਿਸੀਚੀਅਨ ਸਕੂਲ ਖੋਲ੍ਹੇ ਸਨ। ਪਰ ਸਰਕਾਰੀ ਨੀਤੀਆਂ ਨੇ ਇਹਨਾ ਸੰਸਥਾਵਾਂ ਨੂੰ ਨਿਹੱਥੇ ਕਰ ਦਿੱਤਾ। ਪਬਲਿਕ ਸਕੂਲਾਂ, ਪ੍ਰੋਫੈਸ਼ਨਲ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਇਹ ਸੰਸਥਾਵਾਂ ਨੂੰ ਪਿੱਛੇ ਧੱਕ ਕੇ, ਸਰਕਾਰੀ ਸਕੂਲਾਂ, ਕਾਲਜਾਂ ਦੀ ਫੱਟੀ-ਵਸਤਾ ਵੀ ਪੋਚ ਦਿੱਤਾ।

ਅੱਜ ਸੂਬੇ ਦੇ ਸਿੱਖਿਆ ਪੱਖੋਂ ਹਾਲਾਤ ਮਾੜੇ ਹਨ। ਬਾਵਜੂਦ ਇਸ ਸਭ ਕੁਝ ਦੇ ਕਿ ਸਰਕਾਰ ਸਿੱਖਿਆ ਕ੍ਰਾਂਤੀ ਦੀ ਗੱਲ ਕਰ ਰਹੀ ਹੈ। ਸਕੂਲਾਂ 'ਚ ਟੀਚਰਾਂ ਦੀ ਘਾਟ ਹੈ। ਸਕੂਲਾਂ 'ਚ ਵਿਦਿਆਰਥੀਆਂ ਦੀ ਘਾਟ ਹੈ। ਸਕੂਲਾਂ 'ਚ ਬੁਨਿਆਦੀ ਢਾਂਚੇ ਦੀ ਕਮੀ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸਕੂਲਾਂ ਵਿੱਚ ਕੱਚੇ, ਪੱਕੇ ਠੇਕੇ 'ਤੇ, ਕਮੇਟੀ ਵਾਲੇ ਟੀਚਰ ਪੜ੍ਹਾਈ ਕਰਵਾ ਰਹੇ ਹਨ। ਕਮੇਟੀ ਵਾਲੇ ਟੀਚਰਾਂ ਦੀ ਤਨਖ਼ਾਹ 2000 ਰੁਪਏ ਮਹੀਨਾ ਜਾਂ ਤਿੰਨ ਹਜ਼ਾਰ ਰੁਪਏ ਮਹੀਨਾ ਹੈ। ਇਹ ਕਿਸ ਕਿਸਮ ਦੀ ਪੜ੍ਹਾਈ ਪਰੋਸੀ ਜਾ ਰਹੀ ਹੈ? ਕਈ ਪ੍ਰਾਈਵੇਟ ਸਕੂਲ ਇਹੋ ਜਿਹੇ ਹਨ ਜਿਥੇ ਖਾਤਿਆਂ 'ਚ ਤਨਖ਼ਾਹਾਂ ਦੇਣ ਸਮੇਂ ਪੂਰਾ ਗ੍ਰੇਡ ਦਿੱਤਾ ਜਾ ਰਿਹਾ ਹੈ ਪਰ ਤਨਖ਼ਾਹਾਂ ਵਾਪਿਸ ਜਮ੍ਹਾਂ ਕਰਵਾਈਆਂ ਜਾ ਰਹੀਆਂ ਹਨ। ਇਹੋ ਜਿਹੇ ਅਧਿਆਪਕ ਕਿਹੋ ਜਿਹੀ ਸਿੱਖਿਆ ਦੇਣਗੇ? ਨਵੇਂ ਸਰਕਾਰੀ ਕਾਲਜ ਖੋਲ੍ਹੇ ਜਾ ਰਹੇ ਹਨ, ਟੀਚਰ ਇਥੇ ਵੀ ਠੇਕੇ 'ਤੇ ਹਨ।

ਅੱਜ ਪੰਜਾਬ 'ਚ ਸਿੱਖਿਆ ਦਾ ਹਾਲ ਕੀ ਹੈ? ਪ੍ਰਾਇਮਰੀ, ਮਿਡਲ ਸਰਕਾਰੀ ਸਕੂਲਾਂ 'ਚ ਟੀਚਰਾਂ ਦੀ ਘਾਟ ਹੈ। ਪੰਜ-ਪੰਜ ਕਲਾਸਾਂ ਲਈ ਇੱਕ ਅਧਿਆਪਕ। ਬੀਤੇ ਸਮਿਆਂ 'ਚ ਵਿਦਿਆਰਥੀ ਤੱਪੜ 'ਤੇ ਬੈਠਦੇ ਸੀ, ਚੰਗੇ ਗਿਆਨਵਾਨ ਟੀਚਰਾਂ ਤੋਂ ਪੜ੍ਹਦੇ ਸੀ। ਆਲੇ-ਦੁਆਲੇ ਨੂੰ ਵੇਖਦੇ ਸੀ, ਚੰਗੀ ਸੋਚ ਬਣਦੀ ਸੀ। ਹੁਣ ਸੋਚ ਉਤੇ ਪਰਦਾ ਪੈ ਗਿਆ ਹੈ। ਪਬਲਿਕ ਸਕੂਲ ਮਾਂ-ਬੋਲੀ ਪੰਜਾਬੀ ਤੋਂ ਪ੍ਰਹੇਜ ਕਰਦੇ ਹਨ, ਮਾਪੇ ਬੱਚਿਆਂ ਨੂੰ ਬਾਹਰਵੀਂ ਪਾਸ ਤੋਂ ਬਾਅਦ ਸਿੱਧਾ ਆਇਲਿਟਸ ਕਰਵਾਕੇ ਬੇਗਾਨੇ ਮੁਲਕਾਂ 'ਚ ਭੇਜ ਰਹੇ ਹਨ। ਬਰੇਨ ਡਰੇਨ ਹੋ ਰਿਹਾ, ਧੰਨ ਦੀ ਇਥੋਂ ਨਿਕਾਸੀ ਹੋ ਰਹੀ ਹੈ। ਇਥੇ ਖੋਲ੍ਹੇ ਆਰਟਸ ਕਾਲਜ, ਪ੍ਰੋਫੈਸ਼ਨਲ ਕਾਲਜ ਬੰਦ ਹੋ ਰਹੇ ਹਨ, ਸੀਟਾਂ ਨਹੀਂ ਭਰੀਆਂ ਜਾ ਰਹੀਆਂ। ਯੂਨੀਵਰਸਿਟੀਆਂ ਜਿਹਨਾ ਵਿਚਾਰਵਾਨ ਪੈਦਾ ਕਰਨੇ ਹਨ, ਪ੍ਰੋਫੈਸਰਾਂ, ਅਧਿਆਪਕਾਂ ਤੋਂ ਸੱਖਣੀਆਂ ਹਨ। ਸਰਕਾਰਾਂ ਨੇ, ਸਿੱਖਿਆ ਸਿਸਟਮ ਨੇ ਅਧਿਆਪਕਾਂ ਨੂੰ ਚੁੱਪ-ਚਾਪ ਦੁੱਖ ਸਹਿਣ ਵਾਲੇ ਮਜ਼ਦੂਰ ਬਣਾ ਦਿੱਤਾ ਹੈ।

ਪੰਜਾਬ ਨੂੰ ਸੱਚੀਂ-ਮੁੱਚੀ ਸਿੱਖਿਆ ਕ੍ਰਾਂਤੀ ਦੀ ਲੋੜ ਹੈ। ਪੰਜਾਬ "ਸਿੱਖਿਆ ਦੇ ਖੇਤਰ" 'ਚ ਸੰਕਟ 'ਚ ਹੈ। ਉਸੇ ਕਿਸਮ ਦੇ ਸੰਕਟ 'ਚ ਜਿਵੇਂ ਦੇ ਸੰਕਟ 'ਚ ਪੰਜਾਬ ਦਾ ਸਭਿਆਚਾਰ ਹੈ। ਪੰਜਾਬ ਦੀ ਧਰਤੀ ਹੈ, ਜੋ ਪਾਣੀ ਦੀ ਥੁੜੋਂ ਕਾਰਨ ਮਾਰੂਥਲ ਹੋਣ ਵੱਲ ਅੱਗੇ ਵੱਧ ਰਹੀ ਹੈ। ਪੰਜਾਬੀ ਭਾਈਚਾਰੇ ਦਾ, ਪੰਜਾਬ ਦੀ ਧਰਤੀ ਦਾ ਮੂਲ ਸਿਧਾਂਤ ਪੰਚਾਇਤੀ ਸੱਥ ਟੁਟ ਚੁੱਕੀ ਹੈ। ਫ਼ੈਸਲੇ ਹੁਣ ਪਰਿਆ 'ਚ ਨਹੀਂ, ਅਦਾਲਤੀ, ਥਾਣਿਆਂ ਜਾਂ ਸਿਆਸੀ ਚੌਧਰ ਵਾਲੇ ਲੋਕਾਂ ਦੇ ਦਰਾਂ 'ਤੇ ਹੁੰਦੇ ਹਨ। ਆਪਸੀ ਵਿਚਾਰ ਵਟਾਂਦਰਾ ਸੱਥਾਂ 'ਚੋਂ ਗਾਇਬ ਕਰ ਦਿੱਤਾ ਗਿਆ ਹੈ। ਤਾਕਤ ਪੈਸਿਆਂ ਵਾਲਿਆਂ ਹੱਥ ਫੜਾ ਦਿੱਤੀ ਗਈ ਹੈ।

ਸਿਆਸਤਦਾਨ ਦੀ ਤਰਜੀਹ ਹੁਣ ਜਨ ਕਲਿਆਣ ਜਾਂ ਲੋਕ ਸਰੋਕਰ ਨਹੀਂ, ਸਿਰਫ਼ ਚੋਣ ਸਮੀਕਰਣ ਰਹਿ ਗਈ ਹੈ। ਉਹਨਾ ਦੀ ਤਰਜੀਹ ਲੋਕਾਂ ਨੂੰ ਨਿਕੰਮੇ,ਅਸਿਖਿਅਤ ਰੱਖਣ ਵੱਲ ਵਧੇਰੇ ਹੈ ਤਾਂ ਕਿ ਕੋਈ ਸਵਾਲ ਹੀ ਨਾ ਉਠੇ ਪਰ ਸਿੱਖਿਆ ਸਵਾਲ ਉਠਾਉਂਦੀ ਹੈ, ਸਿੱਖਿਆ ਵਿਚਾਰ ਪੈਦਾ ਕਰਦੀ ਹੈ, ਸਿੱਖਿਆ ਅਤੇ ਕਿਤਾਬ ਮਨ ਅਤੇ ਤਨ ਨੂੰ ਤਾਕਤਵਰ ਕਰਦੀ ਹੈ।

ਪੰਜਾਬ ਦਾ ਵਿਰਸਾ, ਪੰਜਾਬ ਦੀ ਬੋਲੀ ਬਹੁਤ ਅਮੀਰ ਹੈ। ਪੰਜਾਬ ਦੇਸ਼ ਦਾ ਅੰਨ ਦਾਤਾ ਹੈ। ਪੰਜਾਬ ਪੂਰੇ ਦੇਸ਼ ਵਿੱਚ ਆਪਣੀ ਵੱਖਰੀ ਪਛਾਣ ਰੱਖਦਾ ਹੈ। ਪੰਜਾਬ ਕਦੇ ਪੰਜ ਦਰਿਆਵਾਂ ਦੀ ਧਰਤੀ ਸੀ। ਇਹ ਖਿੱਤੇ ਦਾ ਸਭ ਤੋਂ ਸਿਆਣਾ ਇਲਾਕਾ ਸੀ, ਜਿਥੇ ਸਿਆਣੇ ਲੋਕ ਵਸਦੇ ਸਨ, ਜਿਥੇ ਰੂਹਾਨੀ ਰੂਹਾਂ ਨੇ ਜਨਮ ਲਿਆ। ਲਿਖਣਾ-ਪੜ੍ਹਨਾ, ਵਿਚਾਰਨਾ ਜਿਹਨਾ ਦੇ ਲਹੂ 'ਚ ਸੀ ਅਤੇ ਲਹੂ 'ਚ ਸੀ ਆਪਣੀ ਅਣਖ ਲਈ ਖੜਨਾ, ਮਰਨਾ। ਚੰਗਾ ਵਾਤਾਵਰਨ, ਵਸਦੇ ਦਰਿਆ, ਜਰਖੇਜ਼ ਜ਼ਮੀਨ ਜਿਹਨਾ ਦਾ ਧੰਨ ਸੀ।

ਸਿਆਸੀ ਖੇਡਾਂ ਇਸਦਾ ਲੱਕ ਤੋੜਿਆ ਅਤੇ ਪੰਜਾਬ ਢਾਈ ਦਰਿਆਵਾਂ ਤੱਕ ਸੀਮਤ ਕਰ ਦਿੱਤਾ ਗਿਆ। ਵੱਢ-ਵਢਾਂਗਾ, ਭਾਈ-ਮਾਰ, ਸਾਜਿਸ਼ਾਂ, ਸਵਾਰਥੀ ਸੋਚ ਪਿੱਠ-ਛੁਰਾ ਇਹਨਾ ਦੇ ਪੱਲੇ ਪਾ ਦਿੱਤਾ ਗਿਆ। ਗਿਆਨ ਤੋਂ ਦੂਰ ਕਰਕੇ ਸਿਆਣਿਆਂ 'ਤੇ ਯੋਧਿਆਂ ਨੂੰ ਐਸਾ ਲਪੇਟਿਆ ਸੰਕੀਰਨ ਸੋਚ ਨਾਲ ਕਿ ਅੱਜ ਸੋਚੋਂ ਹਰਿਆ-ਭਰਿਆ ਪੰਜਾਬ, ਪੰਜਾਬ ਹੀ ਨਹੀਂ ਦਿਸਦਾ। ਸਿਊਂਕ ਨਾਲ ਭੰਨਿਆ, ਬੀਮਾਰੀਆਂ ਨਾਲ ਖਾਧਾ ਨਰਕੀ ਪੰਜਾਬ ਦਿਸਦਾ ਹੈ, ਜਿਥੇ ਨਸ਼ੇ ਹਨ। ਜਿਥੇ ਮਾਰ-ਧਾੜ ਹੈ। ਜਿਥੇ ਧਰਤੀ ਨਾਲੋਂ ਟੁਟਿਆਂ ਕੁਨਬਾ ਹੈ, ਜਿਹੜਾ ਆਪਣੀ ਧਰਤ ਛੱਡ ਬੇਗਾਨੀ ਧਰਤੀ ਦੀ ਬੁੱਕਲ ਲੱਭਦਾ ਹੈ।

ਕਾਰਨ ਇਕੋ ਨਹੀਂ, ਪਰ ਵੱਡਾ ਹੈ ਪੰਜਾਬੀਆਂ ਸਿੱਖਿਆ-ਸੋਚ ਨਾਲੋਂ ਮੋਹ ਤੋੜ ਲਿਆ ਹੈ। ਅਕਲ 'ਤੇ ਪੱਲਾ ਪਾ ਲਿਆ ਹੈ। ਸੋਚ ਨਿਰੀ ਪੁਰੀ ਵਿਵਹਾਰਿਕ ਕਰ ਲਈ ਹੈ। ਜੰਮਦੇ ਹੀ, ਮਰਨ ਤੱਕ ਚੰਗੀ ਖੱਬੀ ਖਾਨ ਜ਼ਿੰਦਗੀ ਗੁਜਾਰਨ ਲਈ ਸਾਧਨ ਜੁਟਾਉਣ ਦੇ ਰਾਹ ਪੈ ਗਏ ਹਾਂ। ਬੱਚਿਆਂ ਨੂੰ ਇਹੋ ਜਿਹੇ ਸਸਕਾਰ ਦੇ ਰਹੇ ਹਾਂ, ਵੱਡਾ ਕਮਾਓ, ਮੌਜਾਂ ਕਰੋ। ਜੇਕਰ ਇਥੇ ਕੁਝ ਨਹੀਂ ਲੱਭਦਾ ਇਥੋਂ ਤੁਰ ਜਾਓ, ਪ੍ਰਵਾਸ ਦੇ ਰਾਹ ਪੈ ਜਾਓ, ਉਥੇ ਹਰ ਕਿਸਮ ਦੀ ਕਿਰਤ ਕਰੋ ਅਤੇ ਬੱਸ ਜ਼ਿੰਦਗੀ ਗੁਜ਼ਾਰ ਦਿਓ। ਪੰਜਾਬ ਦੀ ਸੋਚ ਕਿਥੇ ਗਈ? ਵਿਚਾਰ ਕਿਥੇ ਗਏ? ਨੈਤਿਕ ਕਦਰਾਂ-ਕੀਮਤਾਂ ਕਿਥੇ ਰਹਿ ਗਈਆਂ? ਕਿੰਨੀ ਹੈਰਾਨੀ ਦੀ ਗੱਲ ਹੈ ਕਿ ਵਿਚਾਰ ਪ੍ਰਧਾਨ ਖਿੱਤੇ ਪੰਜਾਬ ਦੇ ਲੋਕ, ਹੋਰ ਹੀ ਵਹਿਣਾ 'ਚ ਰੁੜ ਗਏ। ਆਪਣੀ ਸਿੱਖਿਆ ਨੀਤੀ ਤੱਕ ਨਹੀਂ ਘੜ ਸਕੇ।

ਸੂਬਾ "ਦਾਨ-ਪੁੰਨ" ਕਰਨ ਵਾਲਾ ਹੈ। ਸੱਚ ਪੰਜਾਬੀਆਂ ਦੀ ਦਯਾ ਕਰਨ ਦੀ ਹੈ। ਧਾਰਮਿਕ ਸਥਾਨਾਂ, ਡੇਰਿਆਂ 'ਤੇ ਰੌਣਕਾਂ ਹਨ। ਸ਼ਰਧਾ ਹੈ। ਦਿਖਾਵਾ ਹੈ। ਸੁੰਦਰ ਸਥਾਨ ਹਨ, ਪਰ ਜਿਹਨਾ ਵਿਚਾਰਾਂ ਨੇ ਬੰਦੇ ਨੂੰ ਇਨਸਾਨ ਬਨਾਉਣਾ ਹੈ, ਉਹਦੀ ਕਮੀ ਹੈ। ਅਸੀਂ ਦਾਨ-ਪੁੰਨ ਕਰਦੇ ਹਾਂ। ਸਾਡੇ ਲਈ ਲੰਗਰ ਸੇਵਾ ਵੱਡੀ ਹੈ। ਪਰ ਪੰਜਾਬੀ ਭਾਈਚਾਰਾ ਕਿੰਨੇ ਕੁ ਸਕੂਲ, ਕਾਲਜ ਖੋਹਲਦਾ ਹੈ? ਇਸ ਲਈ ਕਿੰਨਾ ਕੁ ਦਾਨ ਦਿੰਦਾ ਹੈ? ਕਿੰਨਾ ਖਰਚਾ ਆਪਣੇ ਬੱਚਿਆਂ ਦੀ ਪੜ੍ਹਾਈ 'ਤੇ ਕਰਦਾ ਹੈ?

ਪੰਜਾਬੀ ਵਿਚਾਰਾਂ ਤੋਂ ਸੱਖਣਾ ਕਿਤਾਬ ਪੜ੍ਹਨ ਤੋਂ ਆਤੁਰ ਹੈ, ਨਸ਼ਾ ਤੇ ਹੋਰ ਵਸਤਾਂ ਖਰੀਦਦਾ ਹੈ, ਕਿਤਾਬ ਨਹੀਂ ਖਰੀਦਦਾ। ਪਿੰਡਾਂ , ਸ਼ਹਿਰਾਂ 'ਚ ਲਾਇਬ੍ਰੇਰੀਆਂ ਨਹੀਂ ਬਣਾਉਂਦਾ। ਪੀਰਾਂ, ਫ਼ਕੀਰਾਂ, ਬਾਬਿਆਂ ਨੂੰ ਪੂਜੀ ਜਾਂਦਾ ਹੈ। ਸਮਾਂ ਨਸ਼ਟ ਕਰੀ ਜਾਂਦਾ ਹੈ। ਸਰਕਾਰਾਂ ਵੀ ਇਸੇ ਰਸਤੇ ਤੁਰੀਆਂ ਹੋਈਆਂ ਹਨ। ਸਿੱਖਿਆ ਕ੍ਰਾਂਤੀ ਦੇ ਨਾਂਅ 'ਤੇ ਪੰਜਾਬ ਇਸ ਵੇਲੇ "ਪ੍ਰਚਾਰੀ ਚਰਚਾ" 'ਚ ਹੈ। ਇਸ ਨਾਲ ਲੋਕਾਂ ਨੂੰ ਕੀ ਪ੍ਰਾਪਤ ਹੋਏਗਾ?

ਕੀ ਸਿਰਫ਼ ਬਣਾਏ ਜਾ ਰਹੇ ਕਮਰੇ, ਪਛਾਣੇ ਵਿਦਿਆਰਥੀਆਂ ਦੀ ਬੌਧਿਕ ਲੋੜ ਪੂਰੀ ਕਰ ਸਕਣਗੇ? ਕੀ ਅਮੈਰੀਟਸ ਸਕੂਲ, ਵਿਦਿਆਰਥੀ ਦੇ ਸਰਬ ਪੱਖੀ ਵਿਕਾਸ ਦੇ ਹਾਣ ਦੇ ਹਨ? ਕੀ ਇਹ ਸਕੂਲ ਅਤੇ ਸਧਾਰਨ ਪੇਂਡੂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪੜ੍ਹਾਈ ਦੇ ਪੱਧਰ ਦਾ ਪਾੜਾ ਵੱਡਾ ਨਹੀਂ ਹੋ ਰਿਹਾ ?

ਇਸ ਸਭ ਕੁਝ ਦਾ ਅਰਥ ਇਹ ਵੀ ਨਹੀਂ ਕਿ ਪੰਜਾਬੀ ਵਿਚਾਰਵਾਨਾਂ ਦੀ ਕਮੀ ਹੈ। ਦੇਸ਼-ਵਿਦੇਸ਼ 'ਚ ਸਿਆਣੇ ਪੰਜਾਬੀਆਂ ਦਾ ਬੋਲ ਬਾਲਾ ਹੈ, ਜਿਥੇ ਵਿਦੇਸ਼ਾਂ 'ਚ ਚੰਗੇ ਕਾਰੋਬਾਰੀ ਹਨ, ਸਾਇੰਸਦਾਨ ਹਨ, ਸਿੱਖਿਆ ਸ਼ਾਸਤਰੀ ਹਨ, ਉਥੇ ਪੰਜਾਬੀ ਦਾਨੀ ਪੁਰਖਾਂ ਦੀ ਵੀ ਕਮੀ ਨਹੀਂ ਹੈ।

ਲੋੜ ਹੈ ਪੰਜਾਬੀ ਲੋਕ ਬਾਕੀ ਦਿਖਾਵੇ ਛੱਡਕੇ ਸਿੱਖਿਆ ਖੇਤਰ 'ਚ ਅੱਗੋਂ ਪੁਲਾਘਾਂ ਭਰਨ। ਧਾਰਮਿਕ ਸਥਾਨਾਂ ਦੇ ਥਾਂ ਯੂਨੀਵਰਸਿਟੀਆਂ, ਸਕੂਲ, ਕਾਲਜ, ਲਾਇਬ੍ਰੇਰੀਆਂ ਖੋਲ੍ਹਣ, ਬੱਚਿਆਂ ਨੂੰ ਪੜ੍ਹਾਉਣ ਵੱਲ ਲੈ ਕੇ ਜਾਣ। ਇਹੀ ਅਸਲ ਅਰਥਾਂ 'ਚ ਸਿੱਖਿਆ ਕ੍ਰਾਂਤੀ ਦੀ ਨੀਂਹ ਹੋ ਸਕੇਗੀ।




# ਚੌਧਰੀ ਗਇਆ ਲਾਲ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

**ਲਿਖਤੁਮ ਚੌਧਰੀ ਗਇਆ ਲਾਲ**

**ਚੌਧਰੀ ਗਇਆ ਲਾਲ ਦਾ ਜਨਮ 15 ਜਨਵਰੀ 1930 ਨੂੰ ਭਾਰਤੀ ਆਜ਼ਾਦੀ ਤੋਂ ਪਹਿਲਾਂ ਦੇ ਪੰਜਾਬ ਦੇ ਫ਼ਰੀਦਾਬਾਦ ਜ਼ਿਲ੍ਹੇ ਦੇ ਪਲਵਲ ਨੇੜਲੇ ਹੋਡਲ ਕਸਬੇ ਵਿੱਚ ਇਕ ਗ਼ਰੀਬ ਦਲਿਤ ਪਰਿਵਾਰ ਵਿੱਚ ਹੋਇਆ ਸੀ। ਅੱਜਕਲ ਤਾਂ ਪਲਵਲ ਵੀ ਜ਼ਿਲ੍ਹਾ ਹੀ ਬਣ ਗਿਆ ਹੈ। ਉਹਨਾਂ ਨੇ ਅੱਠਵੀਂ ਜਮਾਤ ਤੱਕ ਹੀ ਪੜ੍ਹਾਈ ਕੀਤੀ ਸੀ। ਹਸਨਪੁਰ ਵਿਧਾਨਸਭਾ ਤੋਂ ਉਹ ਪਹਿਲੀ ਵਾਰ 1967 ਵਿੱਚ ਐਮਐਲਏ ਬਣੇ ਸਨ। ਉਹਨਾਂ ਦੋ ਵਾਰ ਅਜ਼ਾਦ ਅਤੇ ਦੋ ਵਾਰ ਵੱਖ ਵੱਖ ਸਿਆਸੀ ਪਾਰਟੀਆਂ ਵੱਲੋਂ ਇਲੈਕਸ਼ਨ ਲੜੀ ਤੇ ਦੋ ਵਾਰ ਹਾਰੇ ਤੇ 2 ਵਾਰ ਹੀ ਜਿੱਤ ਹਾਸਲ ਕੀਤੀ। ਭਾਰਤੀ ਸਿਆਸਤ ਵਿੱਚ 'ਆਇਆ ਰਾਮ - ਗਿਆ ਰਾਮ' ਦੀ ਰਾਜਨੀਤਕ ਕਹਾਵਤ ਦੇ ਜਨਮਦਾਤਾ ਵਜੋਂ ਹੀ ਚੌਧਰੀ ਗਇਆ ਲਾਲ ਮਸ਼ਹੂਰ ਹੋਏ ਜਦੋਂ ਕਿ ਉਹਨਾਂ ਵੱਲੋਂ ਆਪਣੇ ਵਿਧਾਨਸਭਾ ਖੇਤਰ ਲਈ ਕਰਵਾਏ ਗਏ ਵਿਕਾਸ ਕੰਮਾਂ ਨੂੰ ਹਰ ਪਾਰਟੀ ਵੱਲੋਂ ਹਰ ਵਾਰ ਅਣਡਿੱਠ ਕੀਤਾ ਜਾਂਦਾ ਰਿਹਾ। ਉਹਨਾਂ ਨੇ ਇਕ ਦਿਨ ਵਿੱਚ 3 ਵਾਰ ਪਾਰਟੀ ਬਦਲੀ ਜਿਸ ਕਰਕੇ ਉਹ ਬਹੁਤ ਬਦਨਾਮ ਵੀ ਹੋਏ। ਉਹਨਾਂ ਦਾ ਪੁੱਤਰ ਉਦੈ ਭਾਨ ਹਰਿਆਣਾ ਕਾਂਗਰਸ ਪਾਰਟੀ ਦਾ ਅੱਜਕੱਲ ਸੂਬਾ ਪ੍ਰਧਾਨ ਹੈ ਤੇ 4 ਵਾਰ ਐਮਐਲਏ ਰਹਿ ਚੁੱਕਿਆ ਹੈ। ਸਾਲ 2009 ਵਿੱਚ ਚੌਧਰੀ ਗਇਆ ਲਾਲ ਦਾ ਦੇਹਾਂਤ ਹੋ ਗਿਆ ਸੀ। ਹੁਣ ਉਹਨਾਂ ਦੀ ਚਿੱਠੀ ਆਈ ਹੈ।**

**ਪਿਆਰੇ ਰਿਸ਼ੀ ਨਾਗਰ ਜੀ,**

ਰਾਮ ਰਾਮ! ਕੈਨੇਡਾ ਵਿੱਚ ਇਸ ਸਮੇਂ ਫੈਡਰਲ ਇਲੈਕਸ਼ਨ ਦੀ ਗਹਿਮਾ ਗਹਿਮੀ ਹੈ ਤੇ ਸੋਸ਼ਲ ਮੀਡੀਆ ਦੇ ਰੋਲ-ਘਚੋਲੇ ਅਤੇ ਮੇਨ ਸਟ ?ਰੀਲ ਮੀਡੀਆ ਦੇ ਰੱਪੇ-ਰੌਲੇ ਵਾਲੇ ਚੋਣ ਸਰਵੇਖਣਾਂ ਵਿੱਚ ਲਿਬਰਲ ਪਾਰਟੀ ਮੇਜੌਰਿਟੀ ਸਰਕਾਰ ਬਣਾ ਰਹੀ ਹੈ ਤੇ ਪੀਅਰ ਪੌਇਲਿਐਵ ਕਈ ਮਹੀਨਿਆਂ ਦੀ ਸਰਵੇਖਣ ਚੜ੍ਹਤ ਅਤੇ ਮਨਾਂ ਮੂੰਹੀ ਰਕਮਾਂ ਬਟੋਰਨ ਤੋਂ ਬਾਦ ਸਰਕਾਰ ਬਣਾਉਂਦਾ ਨਹੀਂ ਦਿਖ ਰਿਹਾ। ਅਸਲ ਨਤੀਜਾ ਤਾਂ ਅਪਰੈਲ ਦੇ ਆਖ਼ਰੀ ਹਫ਼ਤੇ, 28 ਅਪਰੈਲ ਦੀ ਅੱਧੀ ਰਾਤ ਤੱਕ ਪਤਾ ਲੱਗੇਗਾ; ਉਸ ਤੋਂ ਪਹਿਲਾਂ ਤਾਂ ਕਿਆਫੇ ਹੀ ਲਗਾਏ ਜਾ ਸਕਦੇ ਹਨ। ਅਸੀਂ ਸਾਰੇ ਇਧਰ ਆਰਾਮ ਕੁਰਸੀਆਂ ਡਾਹ ਕੇ ਹੇਠਾਂ ਧਰਤੀ ਵੱਲ ਦੂਰਬੀਨਾਂ ਲਾ ਕੇ ਬੈਠੇ ਰਹਿੰਨੇ ਆਂ ਤੇ ਦੇਖਦੇ ਆਂ ਕਿ ਤੁਸੀਂ ਕਿੱਡੀ ਕੁ ਸਾਫ਼ ਸੁਥਰੀ ਸਿਆਸਤ ਕਰ ਰਹੇ ਓ! ਮੇਰੇ ਨਾਲ ਟਰੂਡੋ ਸੀਨੀਅਰ, ਜੈਕ ਲੇਅਟਨ, ਬ੍ਰਾਇਨ ਮਲਰੋਨੀ, ਪ੍ਰਕਾਸ਼ ਸਿੰਘ ਬਾਦਲ, ਪ੍ਰਤਾਪ ਸਿੰਘ ਕੈਰੋਂ, ਚੌ ਭਜਨ ਲਾਲ, ਦੇਵੀ ਲਾਲ ਤੇ ਕਈ ਹੋਰ ਮਰ-ਮੁੱਕ ਚੁਕੇ ਲੀਡਰ ਵੀ ਆਪੋ ਆਪਣੇ ਹੁੱਕੇ ਲਿਆ ਕੇ ਆ ਬੈਠਦੇ ਨੇ!

ਰਿਸ਼ੀ ਨਾਗਰ ਜੀ, ਜਦੋਂ ਵੀ ਚੋਣਾਂ ਆਉਂਦੀਆਂ ਹਨ ਤਾਂ ਮੇਰਾ ਨਾਮ ਸਿਆਸਤ ਦੀਆਂ ਭੀੜੀਆਂ ਗਲੀਆਂ ਤੋਂ ਲੈ ਕੇ ਸਾਰੇ ਸਟੇਡੀਅਮਾਂ, ਕਨਵੈਂਸ਼ਨ ਸੈਂਟਰਾਂ ਤੇ ਬੈਂਕੁਇਟ ਹਾਲਾਂ ਵਿੱਚ ਖਿੱਦੋ ਵਾਂਗ ਰੋੜ੍ਹਿ ਆ ਜਾਂਦਾ ਹੈ ਤੇ ਮੈਂ ਕਦੀ ਕਦੀ ਖ਼ੁਦ ਨੂੰ ਲੀਰੋ ਲੀਰ ਹੁੰਦਾ ਵੇਖਦਾ ਹਾਂ ਤਾਂ ਮੇਰਾ ਰੋਣਾ ਨਿੱਕਲ ਜਾਂਦਾ ਹੈ। ਮੈਨੂੰ 'ਆਇਆ ਰਾਮ - ਗਿਆ ਰਾਮ' ਕਹਾਵਤ ਦਾ ਫੁੱਫੜ ਮੰਨਿਆ ਜਾਂਦਾ ਹੈ। ਜਦੋਂ ਮਰਜ਼ੀ ਮੇਰਾ ਡੀਐਨਏ ਕਰਵਾ ਲਓ, ਮੇਰਾ 'ਆਇਆ ਰਾਮ - ਗਿਆ ਰਾਮ' ਨਾਲ ਕੋਈ ਰਿਸ਼ਤਾ ਨਹੀਂ ਹੈ ਤੇ ਜਿਹੜੇ ਮੈਨੂੰ ਇਸ ਨਾਮ ਨਾਲ ਬਦਨਾਮ ਕਰਦੇ ਨੇ, ਉਹਨਾਂ ਦੇ ਪਿਛਲੇ ਪਾਸੇ ਬੈਂਤ ਮਾਰੇ ਜਾਣੇ ਚਾਹੀਦੇ ਨੇ।

ਰਿਸ਼ੀ ਬਾਬੂ, ਮੈਂ ਤੈਨੂੰ ਆਪਣੀ ਕਹਾਣੀ ਸੁਣਾਉਣਾ ਚਾਹੁੰਦਾ ਹਾਂ। ਮੇਰਾ ਪਰਿਵਾਰ ਬਹੁਤ ਗ਼ਰੀਬ ਸੀ ਤੇ ਉਸ ਸਮੇਂ ਦਲਿਤਾਂ ਨਾਲ ਬਹੁਤ ਭੇਦਭਾਵ ਹੁੰਦਾ ਸੀ। ਮੈਂ ਜ਼ਿਆਦਾ ਪੜ੍ਹ-ਲਿਖ ਨਹੀਂ ਸਕਿਆ ਪਰ ਸਮਾਜ ਦੀਆਂ ਠੋਕਰਾਂ ਨੇ ਮੈਨੂੰ ਕਾਫੀ ਪੜ੍ਹਾਈ ਕਰਵਾ ਦਿੱਤੀ ਸੀ ਤੇ ਮੈਂ ਬਚਪਨ ਵਿੱਚ ਹੀ ਸਿਆਸੀ ਤੇ ਸਮਾਜਕ ਕਾਰਕੁੰਨ ਬਣ ਗਿਆ। 1955 ਵਿੱਚ ਮੈਂ ਪਹਿਲੀ ਵਾਰ ਕਸਬੇ ਦੀ ਮਿਉਨਿਸਪੈਲਿਟੀ ਦਾ ਮੈਂਬਰ ਚੁਣਿਆ ਗਿਆ ਸੀ ਤੇ ਕਈ ਸਾਲ ਤੱਕ ਕੌਂਸਲਰ ਤੇ ਵਾਈਸ ਪ੍ਰੈਜ਼ਿਡੈਂਟ ਰਿਹਾ। ਦਲਿਤਾਂ ਦੇ ਹੱਕ ਲਈ ਮੇਰੀ ਲੜਾਈ ਦਿੱਲੀ ਸਰਕਾਰ ਤੱਕ ਪਹੁੰਚੀ ਤੇ ਦੂਰ ਦੂਰ ਤੱਕ ਮੇਰੀ ਚਰਚਾ ਹੋਣ ਲੱਗੀ ਸੀ। 1967 ਵਿੱਚ ਮੈਂ ਪਹਿਲੀ ਵਾਰ ਹਰਿਆਣਾ ਦੇ ਹਸਨਪੁਰ ਤੋਂ ਵਿਧਾਨਸਭਾ ਚੋਣ ਲੜੀ ਤੇ ਅਜ਼ਾਦ ਉਮੀਦਵਾਰ ਵਜੋਂ 360 ਵੋਟਾਂ ਨਾਲ ਜਿੱਤਿਆ। 1966 ਵਿੱਚ ਹਰਿਆਣਾ ਬਣਨ ਤੋਂ ਬਾਦ ਸੂਬੇ ਦੀ ਇਹ ਪਹਿਲੀ ਵਿਧਾਨਸਭਾ ਚੋਣ ਸੀ। ਮੇਰੇ ਸਣੇ ਉਸ ਵੇਲੇ 16 ਆਜ਼ਾਦ ਉਮੀਦਵਾਰ ਜਿੱਤੇ ਸਨ ਤੇ ਇਹ ਅੱਜ ਤੱਕ ਦਾ ਰਿਕਾਰਡ ਹੈ। ਉਸ ਸਮੇਂ ਹਰਿਆਣਾ ਵਿੱਚ 81 ਵਿਧਾਨਸਭਾ ਸੀਟਾਂ ਸਨ ਤੇ 48 'ਤੇ ਕਾਂਗਰਸ ਜੇਤੂ ਰਹੀ। ਉਸ ਵੇਲੇ ਭਗਵਤ ਦਿਆਲ ਸ਼ਰਮਾ ਨੂੰ ਮੁੱਖ ਮੰਤਰੀ ਚੁਣਿਆ ਗਿਆ ਸੀ। ਉਹਨਾਂ ਦੇ ਮੁੱਖ-ਮੰਤਰੀ ਬਣਨ ਦੇ ਕੁਝ ਹੀ ਦਿਨਾਂ ਬਾਦ ਬਗ਼ਾਵਤ ਸ਼ੁਰੂ ਹੋ ਗਈ। ਜਾਟ ਆਗੂ ਰਾਓ ਵਰਿੰਦਰ ਸਿੰਘ ਨੇ ਕਾਂਗਰਸੀ ਵਿਧਾਇਕਾਂ ਨੂੰ ਤੋੜਨਾ ਸ਼ੁਰੂ ਕਰ ਦਿੱਤਾ ਤੇ ਸੰਯੁਕਤ ਮੋਰਚਾ ਬਣਾ ਕੇ ਅਗਵਾਈ ਕਰਨ ਲੱਗੇ। ਮੁੱਖ ਮੰਤਰੀ ਭਗਵਤ ਦਿਆਲ ਸ਼ਰਮਾ ਦੇ ਕਹਿਣ 'ਤੇ ਮੈਂ ਕਾਂਗਰਸ ਵਿੱਚ ਸ਼ਾਮਿਲ ਹੋ ਗਿਆ। ਫਿਰ ਮੈਨੂੰ ਰਾਓ ਵਰਿੰਦਰ ਸਿੰਘ ਮਿਲ ਪਏ ਤੇ ਕਹਿਣ ਲੱਗੇ ਕਿ ਤੂੰ ਸਾਡੇ ਨਾਲ ਆ ਜਾ...ਮੈਨੂੰ ਉਹ ਚੰਡੀਗੜ੍ਹ ਲੈ ਗਏ ਤੇ ਉਥੇ ਪ੍ਰੈਸ ਕਾਨਫ਼ਰੰਸ ਕਰ ਲਈ ਤੇ ਕਹਿਣ ਲੱਗੇ ਕਿ 'ਗਇਆ ਲਾਲ' ਹੁਣ ਆਇਆ ਰਾਮ ਬਣ ਗਿਆ ਹੈ, ਕਿਉਂਕਿ ਉਹ ਸਾਡੇ ਨਾਲ ਆ ਗਿਆ ਹੈ। ਮੈਨੂੰ ਤਾਂ ਲੱਗ ਗਈ ਅੱਗ ... ਕਿ ਮੇਰਾ ਨਾਮ ਤਾਂ ਚੌਧਰੀ ਗਇਆ ਲਾਲ ਸੀ ਤੇ ਰਾਓ ਵਰਿੰਦਰ ਸਿੰਘ ਨੇ ਮੇਰਾ ਨਾਮ ਗਇਆ ਰਾਮ ਕਰ ਦਿੱਤਾ। ਗੁੱਸੇ ਵਿੱਚ ਮੈ ਮੁੜ ਕੇ ਕਾਂਗਰਸ ਵਿੱਚ ਚਲਿਆ ਗਿਆ। 9 ਘੰਟਿਆਂ ਵਿੱਚ ਮੈਂ ਅਜ਼ਾਦ ਤੋਂ ਕਾਂਗਰਸੀ, ਕਾਂਗਰਸ ਵਿਚੋਂ ਸੰਯੁਕਤ ਮੋਰਚੇ ਵਿੱਚ ਤੇ ਮੁੜ ਕੇ ਸੰਯੁਕਤ ਮੋਰਚੇ ਤੋਂ ਕਾਂਗਰਸ ਵਿੱਚ ਆ ਗਿਆ - ਮਤਲਬ ਕਿ ਮੈਂ 9 ਘੰਟਿਆਂ ਵਿੱਚ 3 ਵਾਰ ਪਾਰਟੀ ਬਦਲੀ। ਕਿਸੇ ਨੂੰ ਭਲਾ ਕੀ ਤਕਲੀਫ਼ ਕਿ ਮੈਂ ਕਿੰਨੀ ਵਾਰ ਪਾਰਟੀ ਬਦਲੀ? ਮੇਰੀ ਮਰਜ਼ੀ...ਮੈਨੂੰ ਨਹੀਂ ਚੰਗਾ ਲੱਗਿਆ ਕਿ ਰਾਓ ਵਰਿੰਦਰ ਸਿੰਘ ਨੇ ਮੇਰਾ ਨਾਮ ਬਦਲ ਦਿੱਤਾ ਸੀ। ਲੋਕਾਂ ਨੂੰ ਇਹ ਤਾਂ ਨਜ਼ਰ ਆਉਂਦਾ ਰਿਹਾ ਕਿ ਮੈਂ ਪਾਰਟੀ ਬਦਲ ਲਈ ਤੇ ਇਹ ਨਜ਼ਰ ਨਹੀਂ ਆਇਆ ਕਿ ਮੇਰੀ ਅਣਖ ਨੂੰ ਕਿੰਨੀ ਸੱਟ ਮਾਰੀ ਗਈ ਸੀ ਤੇ ਮੇਰੀ ਕਿੰਨੀ ਬੇਜ਼ਤੀ ਕੀਤੀ ਗਈ ਸੀ!

ਰਿਸ਼ੀ, ਸਾਲ 1979 ਵਿੱਚ ਚੌਧਰੀ ਭਜਨ ਲਾਲ ਨੇ ਜਨਤਾ ਪਾਰਟੀ ਦੇ 40 ਵਿਧਾਇਕ ਤੋੜ ਕੇ ਕਾਂਗਰਸ ਪਾਰਟੀ ਦੀ ਸਰਕਾਰ ਬਣਾ ਦਿੱਤੀ ਸੀ ਤੇ ਆਪ ਉਹ ਮੁੱਖ ਮੰਤਰੀ ਬਣ ਬੈਠਿਆ ਤੇ ਦੇਵੀ ਲਾਲ ਦੀ ਸਰਕਾਰ ਦਾ ਭੱਠਾ ਬਿਠਾ ਦਿੱਤਾ ਸੀ। 1991 ਵਿੱਚ ਬੰਸੀ ਲਾਲ ਦੇ 4 ਵਿਧਾਇਕ ਕਾਂਗਰਸ ਵਿੱਚ ਚਲੇ ਗਏ। 1999 ਵਿੱਚ ਚੌਧਰੀ ਬੰਸੀ ਲਾਲ ਦੀ ਹਰਿਆਣਾ ਵਿਕਾਸ ਪਾਰਟੀ ਦੇ 22 ਐਮਐਲਏ ਤੋੜ ਕੇ ਓਮ ਪ੍ਰਕਾਸ਼ ਚੌਟਾਲਾ ਨੇ ਇੰਡੀਅਨ ਨੈਸ਼ਨਲ ਲੋਕਦਲ ਦੀ ਆਪਣੀ ਸਰਕਾਰ ਬਣਾ ਲਈ ਸੀ ਤੇ ਆਪ ਮੁੱਖ-ਮੰਤਰੀ ਬਣ ਗਿਆ। 2009 ਵਿੱਚ ਵੀ ਹਰਿਆਣਾ ਜਨਹਿਤ ਕਾਂਗਰਸ ਦੇ ਕਈ ਵਿਧਾਇਕ ਦਲਬਦਲ ਕਰ ਗਏ। ਉਹਨਾਂ ਨੂੰ ਕੋਈ ਨਹੀਂ ਪੁੱਛਦਾ ਤੇ ਗੱਲ ਮੇਰੀ ਹੀ ਕਰਦੇ ਨੇ ਤੇ ਕਰਦੇ ਵੀ 'ਆਇਆ ਰਾਮ - ਗਿਆ ਰਾਮ' ਕਹਿ ਕੇ ਨੇ। ਮੇਰਾ ਨਾਮ ਚੌ. ਗਇਆ ਲਾਲ ਸੀ ਤੇ ਇਹਨਾਂ ਬਦਮਾਸ਼ਾਂ ਨੇ ਗਇਆ ਰਾਮ ਬਣਾ'ਤਾ। ਲਾਹਨਤੀ ਕਿਸੇ ਥਾਂ ਦੇ, ਤੇ ਕਮੀਨੇ ਵੀ। ਰਿਸ਼ੀ ਬਾਬੂ, ਮੇਰੇ ਕਰਕੇ 'ਆਇਆ ਰਾਮ - ਗਿਆ ਰਾਮ' ਦੀ ਸਿਆਸੀ ਟਰਮ ਬਣਾ ਲਈ ਗਈ। ਮੈਂ ਆਪਣੇ ਜੀਵਨ ਕਾਲ ਦੌਰਾਨ 4 ਵਾਰ ਚੋਣ ਲੜੀ, ਦੋ ਵਾਰ ਅਜ਼ਾਦ ਤੇ ਇਕ ਵਾਰੀ ਆਲ ਇੰਡੀਆ ਆਰੀਆ ਸਭਾ ਤੋਂ ਤੇ ਇਕ ਵਾਰ ਜਨਤਾ ਪਾਰਟੀ ਤੋਂ ; ਦੋ ਵਾਰ ਜਿੱਤਿਆ ਤੇ ਦੋ ਵਾਰ ਹੀ ਹਾਰਿਆ। 1975 ਵਿੱਚ ਹਰਿਆਣਾ ਵਿੱਚ ਦਹੇਜ ਪ੍ਰਥਾ ਖਿਲਾਫ਼ ਮੇਰਾ ਮੋਰਚਾ ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣਿਆ। ਉਹਦੀ ਤਾਂ ਕੋਈ ਗੱਲ ਨਹੀਂ ਕਰਦਾ। ਮੇਰਾ ਮਨ ਇਸ ਕਰਕੇ ਬਹੁਤ ਭਰਿਆ ਪੀਤਾ ਪਿਆ ਹੈ।

ਨਾਗਰ ਜੀ, ਭਾਰਤੀ ਕਾਨੂੰਨ ਮੁਤਾਬਕ ਜਦੋਂ ਕੋਈ ਵੀ ਵਿਧਾਇਕ ਜਾਂ ਸੰਸਦ ਮੈਂਬਰ ਪਾਰਟੀ ਬਦਲਦਾ ਹੈ ਤਾਂ ਉਸ ਦੀ ਮੈਂਬਰਸ਼ਿਪ ਰੱਦ ਹੋ ਜਾਂਦੀ ਹੈ; ਭਾਵ, ਉਹ ਐਮਐਲਏ ਜਾਂ ਐਮਪੀ ਨਹੀਂ ਰਹਿ ਸਕਦਾ। ਪਰ ਜੇ ਕਿਸੇ ਪਾਰਟੀ ਦੇ ਦੋ ਤਿਹਾਈ ਜਾਂ 66% ਵਿਧਾਇਕ ਜਾਂ ਸੰਸਦ ਕਿਸੇ ਦੂਜੀ ਪਾਰਟੀ ਵਿੱਚ ਜਾਂਦੇ ਹਨ ਤਾਂ ਕੋਈ ਨੁਕਸਾਨ ਨਹੀਂ ਹੁੰਦਾ। ਇਹਨਾਂ ਲੋਟੂ ਤੇ ਲੋਟੇ ਟੋਲਿਆਂ ਨੂੰ ਪੁੱਛੇ ਕੋਈ ਕਿ ਜੇ ਇਕ ਜਣਾ ਪਾਰਟੀ ਬਦਲੇ ਤਾਂ'ਆਇਆ ਰਾਮ - ਗਿਆ ਰਾਮ' ਬਣ ਜਾਂਦਾ, ਤੇ ਜੇ ਥੋਕ ਵਿੱਚ ਪਾਰਟੀ ਬਦਲਣ ਤਾਂ ਕੋਈ ਨੁਕਸਾਨ ਨਹੀਂ। ਹੈਂ ਨਹੀਂ ਭਾਰਤੀ ਸੰਵਿਧਾਨ ਨਾਲ ਮਜ਼ਾਕ ਇਹ?

ਤੁਹਾਡੇ ਮੁਲਕ ਵਿੱਚ ਵੀ ਹੁਣ ਇਹੀ ਵਰਤਾਰਾ ਹੋਣ ਲੱਗ ਪਿਐ। ਓਂਟੈਰੀਓ ਦੇ ਬਰੈਂਪਟਨ ਵਿੱਚ ਕੰਜ਼ਰਵੇਟਿਵ ਪਾਰਟੀ ਦੇ 2 ਕੈਂਡੀਡੇਟ ਆਪਣੇ ਸਮਰਥਕਾਂ ਸਮੇਤ ਲਿਬਰਲ ਪਾਰਟੀ ਵਿੱਚ ਸ਼ਾਮਿਲ ਹੋ ਗਏ ਨੇ। ਇਉਂ ਤਾਂ ਭਾਰਤ ਜਾਂ ਪਾਕਿਸਤਾਨ ਵਿੱਚ ਹੋਇਆ ਕਰਦਾ ਸੀ। ਤੁਹਾਡੇ ਵੀ ਇਹ ਇਨਫੈਕਸ਼ਨ ਚਲੀ ਗਈ ਹੈ, ਤੁਹਾਨੂੰ ਬਹੁਤ ਬਹੁਤ ਵਧਾਈ ਹੋਵੇ। ਤੁਹਾਡੇ ਸ਼ਹਿਰ ਵਿੱਚ ਵਿੱਚ ਵੀ ਸੁਣਿਐ ਕਿ ਕਈ ਲੋਕ ਕੰਜ਼ਰਵੇਟਿਵ ਪਾਰਟੀ ਦੀ ਟਿਕਟ ਨਾ ਮਿਲਣ ਕਰਕੇ ਕਈ ਥਾਂਈਂ ਲਿਬਰਲਾਂ ਦਾ ਸਾਥ ਦੇਣ ਲੱਗ ਪਏ ਨੇ ਤੇ ਕਈ ਥਾਂਈਂ ਆਪਣੀ ਪਾਰਟੀ ਤੋਂ ਮੂੰਹ ਮੋੜ ਕੇ ਬੈਠ ਗਏ ਨੇ । ਵਾਹ ਜੀ ਵਾਹ!

ਰਿਸ਼ੀ ਜੀ, ਮੇਰਾ ਮਨ ਕਰਦੈ ਤੁਹਾਨੂੰ ਮੂੰਹ ਭਰ ਭਰ ਕੇ ਗਾਲ੍ਹਾਂ ਕੱਢਾਂ। ਪਹਿਲਾਂ ਤੁਸੀਂ ਮੋਟੀ ਰਕਮ ਖ਼ਰਚ ਕੇ ਭਾਰਤ ਨੂੰ ਛੱਡ ਗਏ ਤੇ ਵਿਦੇਸ਼ਾਂ ਵਿੱਚ ਸੈਟਲ ਹੋ ਜਾਂਦੇ ਓ। ਫਿਰ ਡਾਲਰ ਕਮਾ-ਕਮਾ ਕੇ ਇੰਡੀਆ ਭੇਜਣ ਲੱਗ ਪੈਂਦੇ ਓ। ਵਿਦੇਸ਼ ਜਾਣ ਲਈ ਪਾਠ ਰਖਵਾਉਂਦੇ ਓ ਤੇ ਸਾਲ ਮਗਰੋਂ ਵਾਪਸ ਆ ਕੇ ਖ਼ੁਸ਼ੀ ਦਾ ਪਾਠ ਕਰਵਾ ਲੈਂਦੇ ਓ। ਪਹਿਲਾਂ ਮਾਪਿਆਂ ਨੂੰ ਛੱਡ ਕੇ ਵਿਦੇਸ਼ ਭੱਜ ਜਾਂਦੇ ਓ, ਉਥੇ ਜਾ ਕੇ ਪੇਅਰੈਂਟਸ ਐਂਡ ਗ੍ਰੈਂਡ ਪੇਅਰੈਂਟਸ ਰੀ-ਯੁਨਿਫਿਕੇਸ਼ਨ ਦੇ ਵੀਜ਼ੇ ਲੱਭਦੇ ਫਿਰਦੇ ਓ। ਪਹਿਲਾਂ ਆਪਣੀਆਂ ਜ਼ਮੀਨਾਂ ਲਾਵਾਰਿਸ ਛੱਡ ਜਾਂਦੇ ਓ ਤੇ ਫਿਰ ਠੇਕਾ ਮਾਂਜਣ ਹਰ ਸਾਲ ਮੁੜ ਆਉਂਦੇ ਓ। ਪਹਿਲਾਂ ਸਭ ਕੁਝ ਵਿਦੇਸ਼ ਦੇ ਲੇਖੇ ਲਾ ਦਿੰਦੇ ਓ ਤੇ ਮਗਰੋਂ ਪਿੰਡਾਂ ਦਿਆਂ ਗੇਟਾਂ 'ਤੇ ਕਨੇਡੀਅਨ ਲਿਖਾ ਕੇ ਚੌੜੇ ਹੁੰਦੇ ਫਿਰਦੇ ਓ। ਭਾਰਤ ਤੋਂ ਜਾ ਕੇ ਡਾਲਰ ਜੋੜਦੇ ਓ ਤੇ ਹਰ ਸਾਲ ਭਾਰਤ ਨੂੰ ਮੂੰਹ ਚੁੱਕ ਕੇ ਤੁਰ ਪੈਂਦੇ ਓ।

ਰਿਸ਼ੀ ਜੀ, ਤੁਸੀਂ ਤੇ ਤੁਹਾਡੇ ਵਰਗੇ ਆਪਣਾ ਮੁਲਕ ਛੱਡ ਕੇ ਵਿਦੇਸ਼ਾਂ 'ਚ ਸੈਟਲ ਹੋ ਗਏ ਤੇ ਵਿਦੇਸ਼ਾਂ ਵਿੱਚ ਜਾ ਕੇ ਲੱਭਦੇ ਓ ਇੰਡੀਅਨ ਰੈਸਟੌਰੈਂਟ, ਇੰਡੀਅਨ ਗ੍ਰੌਸ਼ਰੀ, ਇੰਡੀਅਨ ਸਟ ?ਰੀਟ ਫੂਡ। ਭਾਰਤ ਵਿੱਚ ਭਾਵੇਂ ਕਦੀ ਮਨਾਈ ਨਾ ਹੋਵੇ, ਵਿਦੇਸ਼ ਵਿੱਚ ਬੈਠ ਕੇ ਮਨਾਉਂਦੇ ਹੋ ਹੋਲੀ ਤੇ ਵਿਸਾਖੀ, ਭਾਰਤ ਵਿੱਚ ਰਹਿੰਦਿਆਂ ਭਾਵੇਂ ਕਦੀ ਨਾ ਪਾਇਆ ਹੋਵੇ ਤੇ ਉਥੇ ਜਾ ਕੇ ਖ਼ੁੱਸੇ ਪਾਉਂਦੇ ਓ ਤੇ ਲੋਈ ਲਪੇਟ ਕੇ ਭਾਰਤੀ ਬਣਦੇ ਓ, ਇੰਡੀਅਨ ਫ੍ਰੈਂਡਜ਼ ਲੱਭ-ਲੱਭ ਕੇ ਬਣਾਉਂਦੇ ਓ, ਇੰਡੀਅਨ ਐਸੋਸੀਏਸ਼ਨਾਂ ਬਣਾਉਂਦੇ ਓ, ਡਾਲਰ ਜੋੜ ਜੋੜ ਕੇ ਭਾਰਤ ਦੀ ਯਾਤਰਾ ਕਰਨ ਨਿਕਲ ਪੈਂਦੇ ਓ। ਹੋਰ ਤੇ ਹੋਰ, ਹੁਣ ਤੇ ਤੁਸੀਂ ਇਥੋਂ ਵਾਲੀ ਸਿਆਸਤ ਵੀ ਉਥੇ ਲੈ ਗਏ ਓ। ਜੋ ਕੜ੍ਹੀ ਇਥੇ ਘੋਲਦੇ ਸੀ, ਉਹੀ ਉਥੇ ਵੀ ਘੋਲਣੀ ਸ਼ੁਰੂ ਕਰ ਦਿੱਤੀ ਹੈ ਤੁਸੀਂ। ਭੋਰਾ ਵੀ ਸ਼ਰਮ ਨਹੀਂ ਆਉਂਦੀ ਤੁਹਾਨੂੰ ਭਲਾ?

ਪੰਜਾਬ ਦੇ ਪਿੰਡਾਂ ਵਿੱਚ ਦੂਜੇ ਸੂਬਿਆਂ ਤੋਂ ਮਿਹਨਤ ਮਜ਼ਦੂਰੀ ਵਾਸਤੇ ਆਏ ਖੇਤ ਮਜ਼ਦੂਰਾਂ ਨੂੰ ਤੁਸੀਂ ਪ੍ਰਵਾਸੀ ਦੱਸਦੇ ਓ ਤੇ ਆਪਣੇ ਆਪ ਨੂੰ ਕਨੇਡੀਅਨ ਅਖਵਾਉਂਦੇ ਨਹੀਂ ਥੱਕਦੇ। ਭਲਾ ਆਪਣੇ ਹੀ ਮੁਲਕ ਵਿੱਚ ਇਕ ਸੂਬੇ ਤੋਂ ਦੂਜੇ ਵਿੱਚ ਆਏ ਲੋਕ ਪ੍ਰਵਾਸੀ ਕਿਵੇਂ ਹੋ ਗਏ, ਸਮਝਾਉਗੇ ਮੈਨੂੰ ਜ਼ਰਾ? ਪੰਜਾਬ ਵਿੱਚ ਮਿਹਨਤ ਨਾਲ ਕਮਾਈ ਕਰਕੇ ਜੋੜੇ ਪੈਸੇ ਪੈਸੇ ਨਾਲ ਜੇ ਕੋਈ ਬਿਹਾਰੀ ਜਾਂ ਉੱਤਰ ਪ੍ਰਦੇਸ਼ ਦਾ ਮਜ਼ਦੂਰ ਜ਼ਮੀਨ ਲੈ ਕੇ ਪੰਜਾਬ ਵਿੱਚ ਆਪਣਾ ਘਰ ਬਣਾ ਲਵੇ ਤਾਂ ਤੁਹਾਨੂੰ ਮਿਰਚਾਂ ਲੱਗਣ ਲੱਗ ਪੈਂਦੀਆਂ ਨੇ ਆਪ ਕਨੇਡਾ ਦਾ ਇੰਚ ਇੰਚ ਹੜੱਪ ਕਰਨ ਨੂੰ ਫਿਰਦੇ ਓ। ਤੁਹਾਡੇ ਸੂਬੇ ਦੀਆਂ ਪੰਚਾਇਤਾਂ ਕਹਿ ਰਹੀਆਂ ਨੇ ਦੂਜੇ ਸੂਬਿਆਂ ਤੋਂ ਆਏ ਮਜ਼ਦੂਰ 30 ਅਪਰੈਲ ਤੱਕ ਪਿੰਡ ਛੱਡ ਜਾਣ ਤੇ ਤੁਸੀਂ ਆਪਣੇ ਗੈਰ ਕਾਨੂੰਨੀ ਸਾਥੀਆਂ ਨੂੰ ਕਨੇਡਾ ਵਿੱਚ ਹੀ ਪੱਕੇ ਕਰਵਾਉਣ ਲਈ ਆਪਣੀ ਅੱਡੀਆਂ ਨੂੰ ਥੁੱਕ ਲਾ ਕੇ ਭੱਜੇ ਫਿਰਦੇ ਓ। ਇਹ ਕਿਹੜਾ ਸਟੈਂਡਰਡ ਹੋਇਆ ਬਰਖ਼ੁਰਦਾਰ?

ਤੁਸੀਂ ਕਹਿੰਦੇ ਓ ਕਿ ਪੰਜਾਬ ਦੀ ਡੈਮੋਗ੍ਰਾਫੀ ਬਦਲ ਗਈ ਤੇ ਸੀਂ ਜੋ ਕੁਝ ਕਨੇਡਾ ਨਾਲ ਕੀਤੈ, ਉਹ ਸਭ ਠੀਕ ਐ? ਤੁਹਾਨੂੰ ਕੋਈ ਪਾਕੀ ਕਹਿ ਦੇਵੇ ਤਾਂ ਇਹ ਰੇਸਿਜ਼ਮ ਐ, ਪੰਜਾਬ ਵਿੱਚ ਭਈਆ ਸ਼ਬਦ ਕਿਹੜੇ ਸੰਵਿਧਾਨ ਵਿਚੋਂ ਲੈ ਕੇ ਵਰਤਦੇ ਓ? ਅਖੇ ਭਈਆਂ ਨੂੰ ਪੰਜਾਬੀ ਟੁੱਟੀ ਫੁੱਟੀ ਆਉਂਦੀ ਐ ਤੇ ਤੁਹਾਡੇ ਬਰੈਂਪਟਨ ਦੀ ਇਕ ਸੀਟ ਤੋਂ ਪੈਰਾਸ਼ੂਟ ਨਾਲ ਲਾਹੇ ਕੰਜ਼ਰਵੇਟਿਵ ਉਮੀਦਵਾਰ ਦੀ ਅੰਗਰੇਜ਼ੀ ਸੁਣ ਕੇ ਤਾਂ ਅੰਗਰੇਜ਼ੀ ਜਾਣਨ ਵਾਲੇ ਵੀ ਖ਼ੁਦਕੁਸ਼ੀ ਕਰ ਲੈਣ! ਦੋਗਲੇ ਓ ਤੁਸੀਂ ਰਿਸ਼ੀ ਜੀ, ਦੋਗਲੇ! ਸ਼ੁੱਧ ਦੋਗਲੇ।

ਰਿਸ਼ੀ ਨਾਗਰ ਜੀ, ਹੁਣ ਜਿਹੜੀਆਂ ਚੋਣਾਂ ਚੱਲ ਰਹੀਆਂ ਨੇ, ਉਹਨਾਂ ਵਿਚਲੇ ਲੋਟੇ, ਥਾਲੀ ਦੇ ਬਤਾਊਂ, ਰੰਗ ਬਦਲੂ ਕੋਹੜ ਕਿਰਲੇ - ਤੁਹਾਨੂੰ ਨਜ਼ਰ ਨਹੀਂ ਆ ਰਹੇ? ਜਿਹੜੇ ਕਦੀ ਲਾਲ ਰੰਗ ਨਾਲ, ਕਦੀ ਨੀਲੇ ਨਾਲ ਤੇ ਕਦੀ ਸੰਤਰੀ ਰੰਗ ਗਲ ਵਿੱਚ ਪੁਵਾਈ ਫਿਰਦੇ ਨੇ, ਉਹ ਭਲਾ ਆਇਆ ਰਾਮ ਗਇਆ ਰਾਮ ਨਹੀਂ ਦਿਖਾਈ ਦਿੰਦੇ ਤੁਹਾਨੂੰ? ਕਦੀ ਕੀਤੀ ਐ ਚਰਚਾ ਉਹਨਾਂ ਬਾਰੇ?

ਰਿਸ਼ੀ ਨਾਗਰ ਬਾਬੂ, ਤੁਹਾਡੇ ਆਪਣੇ ਸੂਬੇ ਦੀ ਹੁਣ ਵਾਲੀ ਪ੍ਰੀਮੀਅਰ ਆਪਣੇ 8 ਸਾਥੀਆਂ ਸਮੇਤ ਆਪਣੀ ਪਾਰਟੀ ਦਾ ਭੋਗ ਪਾਉਣ ਦੀ ਨੀਅਤ ਨਾਲ ਦੂਜੀ ਪਾਰਟੀ ਵਿੱਚ ਸ਼ਾਮਿਲ ਹੋ ਗਈ ਸੀ, ਕਈ ਸਾਲਾਂ ਬਾਦ ਮੁੜ ਕੇ ਉਹ ਸੱਤਾ ਦੇ ਸਿਖਰ 'ਤੇ ਜਾ ਚੜ੍ਹੀ ਐ, ਜਦੋਂ ਤੁਸੀਂ ਉਹਨੂੰ ਜਿਤਾਇਆ ਸੀ, ਉਹਦੀ ਆਇਆ ਰਾਮ ਗਇਆ ਰਾਮ ਦੀ ਘਟਨਾ ਚੇਤੇ ਭੁੱਲ ਗਈ ਹੋਣੀ ਐ ਤੁਹਾਨੂੰ? ਇਹ ਗੱਲ ਵੱਖਰੀ ਐ ਕਿ ਉਸ ਵੇਲੇ ਉਹ ਆਪਣੀ ਨੌਮਿਨੇਸ਼ਨ ਵੀ ਹਾਰ ਗਈ ਸੀ ਤੇ ਅੱਜ ਦੇਖ ਲਉ, ਉਹ ਸੂਬੇ ਦੀ ਪ੍ਰੀਮੀਅਰ ਬਣੀ ਹੋਈ ਹੈ...ਲੋਕਾਂ ਨੇ ਕਿੰਨਾ ਕੁ ਚੇਤੇ ਰੱਖਿਆ ਉਸ ਦਾ 'ਆਇਆ ਰਾਮ-ਗਿਆ ਰਾਮ'? ਏਅਰਡਰੀ ਤੋਂ ਰੌਬ ਐਂਡਰਸਨ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦਾ ਵਿਧਾਇਕ ਰਿਹਾ ਮਗਰੋਂ ਵਾਇਲਡਰੋਜ਼ ਪਾਰਟੀ ਵਿੱਚ ਜਾ ਵੜਿਆ ਤੇ ਦੂਜੀ ਵਾਰ ਮੁੜ ਖੋਤੀ ਬੋਹੜ ਥੱਲੇ ...ਮਤਲਬ ਪਹਿਲੀ ਪਾਰਟੀ ਚ ਈ ਮੁੜ ਆਇਆ। ਕੈਲਗਰੀ ਫਿਸ਼ ਕ੍ਰੀਕ ਤੋਂ ਵਿਧਾਇਕ ਰਹੀ ਬੀਬੀ ਹੈਦਰ ਫੋਰਸਾਇਦ 1993 ਤੋਂ 2010 ਤੱਕ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਵਿੱਚ ਰਹੀ, ਅਗਲੇ ਪੰਜ ਸਾਲ ਵਾਇਲਡ ਰੋਜ਼ ਵਿੱਚ ਕੱਟੇ ਤੇ ਮੁੜ ਕੇ ਖੋਤਾ ਬੋਹੜ ਥੱਲੇ ਫਿਰ ਲਿਆ ਬੰਨ੍ਹ ?ਆ...ਫਿਰ ਪਹਿਲੀ ਪਾਰਟੀ ਵਿੱਚ। ਯਾਰ ਇਹਨਾਂ ਨੇ ਵੀ ਦੋ ਦੋ ਤਿੰਨ ਤਿੰਨ ਵਾਰ ਪਾਰਟੀਆਂ ਬਦਲੀਆਂ...ਕੋਈ ਚੂੰ ਵੀ ਨਹੀਂ ਕਰਦਾ ਤੇ ਮੇਰੇ ਇਕ ਦਿਨ ਵਿੱਚ 3 ਵਾਰ ਦਲ ਬਦਲੀ ਕਰਨ 'ਤੇ'ਆਇਆ ਰਾਮ - ਗਿਆ ਰਾਮ' ਬਣਾ'ਤਾ..ਯਾਰ! ਤੁਹਾਡੇ ਕੈਲਗਰੀ ਦੀ ਸੈਂਡਰਾ ਜੈਂਨਸੈਨ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਐਮਐਲਏ ਸੀ ਤੇ ਐਨਡੀਪੀ ਵਿੱਚ ਜਾ ਵੜੀ ਤੇ ਮੰਤਰੀ ਵੀ ਬਣ ਬੈਠੀ ਸੀ ਤੇ ਹੁਣ ਉਹ ਓਂਟੈਰੀਓ ਦੀ ਲਿਬਰਲ ਪਾਰਟੀ ਦੀ ਆਗੂ ਬੌਨੀ ਕ੍ਰੌਂਬੀ ਦੀ ਚੀਫ਼ ਆਫ਼ ਸਟਾਫ਼ ਜਾ ਬਣੀ ਐ। ਕਿਸੇ ਨੂੰ ਭੋਰਾ ਵੀ ਪਤੈ? 2018 ਵਿੱਚ ਕਿਉਬੈਕ ਦੇ7 ਐਮਪੀ ਬਲੌਕ ਕਿਉਬੈਕਵਾ ਨੂੰ ਦਗ਼ਾ ਦੇ ਕੇ ਅਜ਼ਾਦ ਹੋ ਗਏ, ਦੋ ਵਾਪਸ ਮੁੜ ਗਏ, ਬਾਕੀ ਪੰਜਾਂ ਨੇ ਆਪਣੀ ਪਾਰਟੀ ਬਣਾ ਲਈ, ਤੇ ਪੰਜ ਸੱਤ ਮਹੀਨਿਆਂ ਮਗਰੋਂ ਮੁੜ ਕੇ ਆਪਣੀ ਪਹਿਲੀ ਪਾਰਟੀ ਵਿੱਚ ਜਾ ਵੜੇ! ਪਤਾ ਵੀ ਐ ਤੁਹਾਡੇ ਵਿਚੋਂ ਕਿਸੇ ਨੂੰ? ਕਿਹਾ ਕਿਸੇ ਨੇ ਇਹਨਾਂ ਨੂੰ 'ਆਇਆ ਰਾਮ- ਗਿਆ ਰਾਮ'?

ਰਿਸ਼ੀ ਰਾਜ ਜੀ, ਮੈਨੂੰ ਤਾਂ ਤੁਹਾਡੀ ਸ਼ਬਦਾਵਲੀ ਵੀ ਸਮਝ ਨਹੀਂ ਆਉਂਦੀ? ਮਾਂ ਪਾਰਟੀ...ਇਹ ਕਿਹੜੀ ਹੁੰਦੀ ਐ ਭਲਾ? ਤੁਹਾਡੀ ਮਾਂ ਕਦੀ ਕਿਸੇ ਪਾਰਟੀ ਵਿੱਚ ਰਹੀ ਹੋਵੇ ਤਾਂ ਤੁਸੀਂ ਕਹਿ ਸਕਦੇ ਓ ਕਿ ਇਹ ਭਾਈ ਸਾਡੀ ਮਾਂ ਪਾਰਟੀ ਐ...ਤੁਹਾਡੀ ਪਾਰਟੀ ਮਾਂ ਪਾਰਟੀ ਕਿਵੇਂ ਹੋਈ? ਇਕ ਹੋਰ ਗੱਲ ਤੇ ਵੀ ਮੈਨੂੰ ਬਹੁਤ ਹਾਸਾ ਆਉਂਦਾ ਹੁੰਦਾ...ਮੈਂ ਤੁਹਾਡੇ ਮੁੱਖ-ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਨਾਲ ਪਿਛਲੇ ਹਫ਼ਤੇ ਹੀ ਗੱਲ ਕਰ ਰਿਹਾ ਸੀ। ਉਹ ਵੀ ਖਚਰਾ ਜਿਹਾ ਹਾਸਾ ਹੱਸ ਰਹੇ ਸਨ। ਉਹਨਾਂ ਨੇ ਮੈਨੂੰ ਦੱਸਿਆ ਕਿ ਪ੍ਰਤਾਪ ਸਿੰਘ ਕੈਰੋਂ ਕਹਿੰਦੇ, ਯਾਰ ਬਾਦਲ! ਆਪਾਂ ਕਦੀ ਬੋਲੇ ਨਹੀਂ ਪਰ ਕਬੱਡੀ ਨੂੰ ਮਾਂ ਖੇਡ ਕਿਹਨੇ ਬਣਾ ਦਿੱਤਾ? ਬਾਦਲ ਹੁਰੀਂ ਕਹਿਣ ਲੱਗੇ ਉਹਨਾਂ ਦੇ ਮੁੱਖ ਮੰਤਰੀ ਕਾਲ ਵੇਲੇ ਇਹ ਟਰਮ ਵਰਤੀ ਜਾਣ ਲੱਗੀ ਸੀ ਤੇ ਉਸ ਤੋਂ ਪਹਿਲਾਂ ਕਦੀ ਕਿਸੇ ਨੇ ਨਹੀਂ ਸੀ ਕਿਹਾ ਮਾਂ ਖੇਡ ਕੱਬਡੀ। ਕੈਰੋਂ ਹੁਰੀਂ ਹੱਸ ਕੇ ਕਹਿੰਦੇ, ਮੈਨੂੰ ਨਹੀਂ ਲੱਗਦਾ ਕਦੀ ਕਿਸੇ ਦੀ ਮਾਂ ਕਬੱਡੀ ਖੇਡਦੀ ਰਹੀ ਹੋਵੇ ਤੇ ਉਸ ਨੇ ਆਪਣੇ ਪੁੱਤਰ ਨੂੰ ਇਸੇ ਗੇਮ ਵਿੱਚ ਲਾਇਆ ਹੋਵੇ। ਪੰਜਾਬੀਆਂ ਨੂੰ ਵੈਸੇ ਹੀ ਆਦਤ ਐ ਹਰ ਗੱਲ ਆਪਣੀ ਮਾਂ ਦੇ ਗੱਲ ਪਾ ਦਿੰਦੇ ਐ। ਮੈਂ ਕਿਹਾ ਤੁਸੀਂ ਰੋਈ ਜਾਵੋ ਮਾਂ ਖੇਡ ਜਾਂ ਮਾਂ ਪਾਰਟੀ ਨੂੰ...ਮੇਰ ਪਿੱਛਾ ਛੁਡਾਵੋ 'ਆਇਆ ਰਾਮ - ਗਿਆ ਰਾਮ' ਤੋਂ। ਆਪਣੀ ਪੀੜ੍ਹੀ ਹੇਠ ਸੋਟਾ ਫੇਰੋ ਤੇ ਦੇਖੋ ਕਿਏ ਤੁਸੀਂ ਵੀ 'ਆਇਆ ਰਾਮ - ਗਿਆ ਰਾਮ' ਤਾਂ ਨਹੀਂ!

**ਚੰਗਾ, ਰਿਸ਼ੀ ਜੀ, ਫੇਰ ਸਹੀ ਕਦੀ!**
**ਤੁਹਾਡਾ,**
**ਗਇਆ ਲਾਲ!**

# ਪੰਜਾਬੀ ਚਿਹਰਿਆਂ ਦੇ ਪ੍ਰਦਰਸ਼ਨ ਸਣੇ ਚੋਣਾਂ 'ਚ ਕੀ-ਕੀ ਹੋਵੇਗਾ ਦੇਖਣ ਵਾਲਾ?

ਕੈਨੇਡਾ ਵਿੱਚ ਆਮ ਚੋਣਾਂ 28 ਅਪ੍ਰੈਲ ਨੂੰ ਹੋਣ ਜਾ ਰਹੀਆਂ ਹਨ।ਇਨ੍ਹਾਂ ਚੋਣਾਂ ਦੇ ਐਲਾਨ ਅਤੇ ਸਾਬਕਾ ਪੀਐੱਮ ਜਸਟਿਨ ਟਰੂਡੋ ਦੇ ਅਸਤੀਫ਼ੇ ਤੋਂ ਪਹਿਲਾਂ ਨਿਘਾਰ ਵਿੱਚ ਨਜ਼ਰ ਆ ਰਹੀ ਲਿਬਰਲ ਪਾਰਟੀ ਦੀ ਸਥਿਤੀ ਵਿੱਚ ਹੁਣ ਹੈਰਾਨੀਜਨਕ ਸੁਧਾਰ ਹੋਇਆ ਹੈ।

ਕੈਨੇਡਾ ਦੀ ਸੀਬੀਸੀ ਨਿਊਜ਼ ਦੇ ਮੁਤਾਬਕ ਪੋਲਜ਼ 'ਚ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਪਾਰਟੀ, ਪੀਏਰ ਪੋਲੀਏਵ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਤੋਂ ਕਈ ਅੰਕਾਂ ਨਾਲ ਅੱਗੇ ਲੰਘ ਚੁੱਕੀ ਹੈ।

ਕੈਨੇਡੀਆਈ ਮੀਡੀਆ ਵਿੱਚ ਪੀਏਰ ਪੋਲੀਏਵ ਦੀਆਂ ਵੱਡੀਆਂ ਸਿਆਸੀ ਰੈਲੀਆਂ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

ਕੈਨੇਡਾ ਦੀਆਂ ਚੋਣਾਂ ਵਿੱਚ ਕਿਹੜੇ ਪੰਜਾਬੀ ਤੇ ਭਾਰਤੀ ਮੂਲ ਦੇ ਚਿਹਰਿਆਂ 'ਤੇ ਹੋਵੇਗੀ ਨਜ਼ਰ?

ਇਸ ਦੇ ਨਾਲ ਹੀ ਇਨ੍ਹਾਂ ਰੈਲੀਆਂ ਦਾ ਪੋਲਜ਼ ਅੰਕੜਿਆਂ ਵਿੱਚ ਨਾ ਤਬਦੀਲ ਹੋਣਾ ਵੀ ਓਨੀ ਹੀ ਚਰਚਾ ਵਿੱਚ ਹੈ।

ਕੰਜ਼ਰਵੇਟਿਵ ਸਰਕਾਰ ਵੇਲੇ ਕੈਨੇਡਾ ਦੇ ਪੀਐੱਮ ਰਹੇ ਸਟੀਫਨ ਹਾਰਪਰ ਵੀ ਪੀਏਰ ਦੇ ਸਮਰਥਨ ਵਿੱਚ ਆ ਚੁੱਕੇ ਹਨ।

ਮਾਰਕ ਅਤੇ ਪੋਲੀਏਵ ਸਣੇ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਜਗਮੀਤ ਸਿੰਘ ਵੀ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿੱਚ ਹਨ, ਪਰ ਪੋਲਜ਼ ਉਨ੍ਹਾਂ ਦੇ ਪੱਖ ਵਿੱਚ ਨਹੀਂ ਹਨ। ਕਿਊਬੈਕ ਅਧਾਰਤ ਬਲੌਕ ਕੁਇਬੁਕਿਆ ਵੀ ਦੌੜ ਵਿੱਚ ਸ਼ਾਮਲ ਹਨ।

ਕੈਨੇਡਾ ਦੀਆਂ ਚੋਣਾਂ ਦੇ ਮੁੱਖ ਪੰਜਾਬੀ ਚਿਹਰੇ, ਚੋਣਾਂ ਦੇ ਮੁੱਖ ਮੁੱਦੇ ਕੀ ਹਨ, ਚੋਣ ਪ੍ਰਕਿਰਿਆ ਸਣੇ ਹੋਰ ਸਾਰੇ ਸਵਾਲਾਂ ਦੇ ਜਵਾਬ ਤੁਹਾਨੂੰ ਇਸ ਰਿਪੋਰਟ ਵਿੱਚ ਦੇਵਾਂਗੇ।

## ਜਗਮੀਤ ਸਿੰਘ

ਪੰਜਾਬੀ ਮੂਲ ਦੇ ਸਭ ਤੋਂ ਚਰਚਿਤ ਉਮੀਦਵਾਰ ਜਗਮੀਤ ਸਿੰਘ ਬਰਨਬੀ ਸੈਂਟਰ ਤੋਂ ਨਿਊ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਹਨ।

ਵੱਖ-ਵੱਖ ਪੋਲਜ਼ ਵਿੱਚ ਉਨ੍ਹਾਂ ਨੂੰ ਲਿਬਰਲ ਪਾਰਟੀ ਦੇ ਉਮੀਦਵਾਰ ਤੋਂ ਪਿੱਛੇ ਵਿਖਾਇਆ ਜਾ ਰਿਹਾ ਹੈ।

ਸੀਬੀਸੀ ਦੀ ਰਿਪੋਰਟ ਦੇ ਮੁਤਾਬਕ ਨਿਊ ਡੈਮੋਕ੍ਰੈਟਿਕ ਪਾਰਟੀ ਨੂੰ ਆਗਾਮੀ ਚੋਣਾਂ ਵਿੱਚ ਪਾਰਟੀ ਦੀਆਂ ਉਮੀਦਾਂ ਤੋਂ ਕਾਫੀ ਘੱਟ ਸੀਟਾਂ ਮਿਲਣ ਦੀ ਸੰਭਾਵਨਾ ਹੈ।

ਜਗਮੀਤ ਸਿੰਘ ਤਿੰਨ ਵਾਰ ਐੱਮਪੀ ਦੀ ਚੋਣ ਜਿੱਤ ਚੁੱਕੇ ਹਨ, ਇਸ ਵਾਰ ਦੀਆਂ ਚੋਣਾਂ ਉਨ੍ਹਾਂ ਲਈ ਫ਼ੈਸਲਾਕੁੰਨ ਹੋਣਗੀਆਂ।

ਜਗਮੀਤ ਸਿੰਘ ਜਿਸ ਹਲਕੇ ਤੋਂ ਪਿਛਲੀਆਂ ਚੋਣਾਂ ਜਿੱਤੇ ਸਨ, ਉਹ ਹਲਕਾ ਭੰਗ ਹੋ ਚੁੱਕਾ ਹੈ ਤੇ ਹੁਣ ਉਹ ਬਰਨਬੀ ਸੈਂਟਰ ਤੋਂ ਚੋਣ ਲੜ ਰਹੇ ਹਨ।

ਜਗਮੀਤ ਸਿੰਘ ਸਾਲ 2017 ਤੋਂ ਐੱਨਡੀਪੀ ਦੇ ਆਗੂ ਹਨ।

ਜਗਮੀਤ ਸਿੰਘ ਕੈਨੇਡਾ ਵਿੱਚ ਫੈਡਰਲ ਪਾਰਟੀ ਦੇ ਮੁਖੀ ਬਣਨ ਵਾਲੇ ਘੱਟ ਗਿਣਤੀ ਭਾਈਚਾਰੇ ਨਾਲ ਸਬੰਧ ਰੱਖਣ ਵਾਲੇ ਪਹਿਲੇ ਸਿਆਸਤਦਾਨ ਹਨ।

## ਟਿਮ ਉੱਪਲ



ਐਡਮੰਟਨ ਮਿੱਲ ਵੁੱਡਸ ਤੋਂ ਐੱਮਪੀ ਟਿਮ ਉੱਪਲ ਵੀ ਕੈਨੇਡਾ ਵਿੱਚ ਪੰਜਾਬੀ ਮੂਲ ਦੇ ਚਰਚਿਤ ਆਗੂਆਂ ਵਿੱਚੋਂ ਇੱਕ ਹਨ।

ਉਹ ਇਸ ਵੇਲੇ ਕੰਜ਼ਰਵੇਟਿਵ ਪਾਰਟੀ ਦੇ ਡਿਪਟੀ ਲੀਡਰ ਹਨ।

ਉਨ੍ਹਾਂ ਦੀ ਵੈੱਬਸਾਈਟ ਦੇ ਮੁਤਾਬਕ ਸਿਆਸਤ ਵਿੱਚ ਆਉਣ ਤੋਂ ਪਹਿਲਾਂ ਉਹ 'ਰੈਜ਼ੀਡੈਂਸ਼ੀਅਲ ਮੌਰਟਗੇਜ ਮੈਨੇਜਰ' ਵਜੋਂ ਕੰਮ ਕਰਦੇ ਸਨ। ਉਹ ਕੰਜ਼ਰਵੇਟਿਵ ਪਾਰਟੀ ਦੇ ਸੀਨੀਅਰ ਸਲਾਹਕਾਰ ਵੀ ਰਹਿ ਚੁੱਕੇ ਹਨ।

ਉਨ੍ਹਾਂ ਨੇ ਆਈਵੀ ਸਕੂਲ ਆਫ ਬਿਜ਼ਨਸ ਤੋਂ ਐੱਮਬੀਏ ਦੀ ਡਿਗਰੀ ਕੀਤੀ ਹੋਈ ਹੈ।

## ਸੁੱਖ ਧਾਲੀਵਾਲ



ਸੁੱਖ ਧਾਲੀਵਾਲ ਬ੍ਰਿਟਿਸ਼ ਕੋਲੰਬੀਆ ਦੀ ਸਰੀ-ਨਿਊਟਨ ਸੀਟ ਤੋਂ ਲਿਬਰਲ ਪਾਰਟੀ ਦੇ ਐੱਮਪੀ ਹਨ। ਉਹ ਸਾਲ 2015 ਤੋਂ ਐੱਮਪੀ ਦੀ ਚੋਣ ਜਿੱਤਦੇ ਆ ਰਹੇ ਹਨ। ਇਸ ਤੋਂ ਪਹਿਲਾਂ ਉਹ ਨਿਊਟਨ-ਨੌਰਥ ਡੈਲਟਾ ਤੋਂ ਸਾਲ 2006 ਤੋਂ 2011 ਤੱਕ ਐੱਮਪੀ ਰਹਿ ਚੁੱਕੇ ਹਨ।

ਉਹ ਇੱਕ ਪੇਸ਼ੇਵਰ ਇੰਜੀਨੀਅਰ ਵਜੋਂ ਵੀ ਕੰਮ ਕਰਦੇ ਰਹੇ ਹਨ। ਉਹ ਆਪਣੇ ਹਲਕੇ ਵਿੱਚ ਪੰਜਾਬੀ ਭਾਈਚਾਰੇ ਦੇ ਇਕੱਠਾਂ ਵਿੱਚ ਅਕਸਰ ਨਜ਼ਰ ਆਉਂਦੇ ਹਨ।

## ਕਮਲ ਖਹਿਰਾ

ਬਰੈਂਪਟਨ ਵੈੱਸਟ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਕਮਲ ਖਹਿਰਾ ਨੂੰ ਮਾਰਕ ਕਾਰਨੀ ਵੱਲੋਂ ਸਿਹਤ ਮੰਤਰੀ ਬਣਾਇਆ ਗਿਆ ਹੈ।

ਕਮਲ ਖਹਿਰਾ ਪਹਿਲੀ ਵਾਰ 2015 ਵਿੱਚ ਸੰਸਦ ਮੈਂਬਰ ਚੁਣੇ ਗਏ ਸਨ।

ਉਹ ਪਹਿਲਾਂ ਮਿਨੀਸਟਰ ਆਫ਼ ਸੀਨੀਅਰਜ਼, ਅੰਤਰਰਾਸ਼ਟਰੀ ਵਿਕਾਸ ਮੰਤਰੀ ਦੇ ਸੰਸਦੀ ਸਕੱਤਰ, ਰਾਸ਼ਟਰੀ ਮਾਲ ਮੰਤਰੀ ਦੇ ਸੰਸਦੀ ਸਕੱਤਰ ਅਤੇ ਸਿਹਤ ਮੰਤਰੀ ਦੇ ਸੰਸਦੀ ਸਕੱਤਰ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ।

ਸੀਬੀਸੀ ਦੀ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੈਬਨਿਟ ਵਿੱਚ ਉਹ ਸਭ ਤੋਂ ਛੋਟੀ ਉਮਰ ਦੇ ਮੈਂਬਰ ਸਨ ਅਤੇ ਉਨ੍ਹਾਂ ਨੂੰ ਸੀਨੀਅਰ ਮੰਤਰੀ ਵਜੋਂ ਕੈਨੇਡਾ ਦੀ ਬਜ਼ੁਰਗ ਆਬਾਦੀ ਦੀ ਦੇਖਭਾਲ ਕਰਨ ਦਾ ਕੰਮ ਸੌਂਪਿਆ ਗਿਆ ਸੀ।

ਮਾਰਚ, 2020 ਵਿੱਚ ਕੋਵਿਡ ਮਹਾਂਮਾਰੀ ਦੌਰਾਨ ਬਰੈਂਪਟਨ ਵੈਸਟ ਤੋਂ ਜਿਹੜੇ ਲਿਬਰਲ ਸੰਸਦ ਮੈਂਬਰ ਮਹਾਂਮਾਰੀ ਦੀ ਜਕੜ ਵਿੱਚ ਆਏ ਉਨ੍ਹਾਂ ਵਿੱਚ ਕਮਲ ਇੱਕ ਸਨ।

ਸੀਬੀਸੀ ਦੀ ਰਿਪੋਰਟ ਮੁਤਾਬਕ ਉਸੇ ਸਾਲ ਉਨ੍ਹਾਂ ਦੇ ਪਿਤਾ ਅਤੇ ਚਾਚੇ ਦੀ ਕੁਝ ਹਫ਼ਤਿਆਂ ਦੇ ਅੰਦਰ-ਅੰਦਰ ਮੌਤ ਹੋ ਗਈ।

ਇਸ ਮਗਰੋਂ ਇੱਕ ਰਜਿਸਟਰਡ ਨਰਸ ਦੇ ਤੌਰ 'ਤੇ, ਖਹਿਰਾ ਨੇ ਆਪਣੀਆਂ ਫਰੰਟ ਲਾਈਨ 'ਤੇ ਆਪਣੀਆਂ ਸੇਵਾਵਾਂ ਦੇਣ ਦਾ ਫ਼ੈਸਲਾ ਲਿਆ ਸੀ।





## ਰਣਦੀਪ ਸਿੰਘ ਸਰਾਏ, ਸੋਨੀਆ ਸਿੱਧੂ ਅਤੇ ਰੂਬੀ ਸਹੋਤਾ

ਰਣਦੀਪ ਸਿੰਘ ਸਰਾਏ ਸਰੀ ਸੈਂਟਰ ਹਲਕੇ ਤੋਂ 2015 ਤੋਂ ਐੱਮਪੀ ਹਨ।

ਉਨ੍ਹਾਂ ਦੇ ਪਰਿਵਾਰ ਨੇ ਜਲੰਧਰ ਤੋਂ ਕੈਨੇਡਾ ਪਰਵਾਸ ਕੀਤਾ ਸੀ।

ਰਣਦੀਪ ਸਰਾਏ ਪੇਸ਼ੇ ਵਜੋਂ ਵਕੀਲ ਵੀ ਰਹੇ ਹਨ। ਉਨ੍ਹਾਂ ਨੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਤੋਂ ਬੈਚਲਰਜ਼ ਅਤੇ ਕੁਈਨਜ਼ ਯੂਨੀਵਰਸਿਟੀ ਤੋਂ ਐੱਲਐੱਲਬੀ ਦੀ ਡਿਗਰੀ ਕੀਤੀ ਹੈ।

ਇਸ ਤੋਂ ਇਲਾਵਾ ਬਰੈਂਪਟਨ ਸਾਊਥ ਤੋਂ ਉਮੀਦਵਾਰ ਸੋਨੀਆ ਸਿੱਧੂ ਅਤੇ ਬਰੈਂਪਟਨ ਨੌਰਥ ਤੋਂ ਉਮੀਦਵਾਰ ਰੂਬੀ ਸਹੋਤਾ ਵੀ ਮੁੱਖ ਪੰਜਾਬੀ ਉਮੀਦਵਾਰਾਂ ਵਿੱਚੋ ਇੱਕ ਹਨ।

## ਕੈਨੇਡੀਆਈ ਚੋਣਾਂ ਵਿੱਚ ਮੁੱਖ ਮੁੱਦੇ ਕੀ ਹੋਣਗੇ?

1. ਡੌਨਲਡ ਟਰੰਪ ਦੇ ਕੈਨੇਡਾ ਪ੍ਰਤੀ ਰੁਖ਼ ਦਾ ਕੀ ਅਸਰ?

ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੇ ਕੈਨੇਡਾ ਪ੍ਰਤੀ ਹਮਲਾਵਰ ਰੁਖ਼ ਤੋਂ ਬਾਅਦ ਸਰਕਾਰ ਨਵੇਂ ਸ਼ੁਰੂ ਹੋਏ 'ਵਪਾਰ ਯੁੱਧ' ਨਾਲ ਕਿਵੇਂ ਨਜਿੱਠੇਗੀ ਇਹ ਵੀ ਕੈਨੇਡਾ ਦੇ ਮੁੱਖ ਚੋਣ ਮੁੱਦਿਆਂ ਵਿੱਚ ਸ਼ਾਮਲ ਹੋ ਗਿਆ ਹੈ।

ਟਰੰਪ ਵੱਲੋਂ ਕੈਨੇਡੀਆਈ ਵਸਤਾਂ ਉੱਤੇ ਟੈਰਿਫ਼ ਲਾਉਣ ਦੀ ਧਮਕੀ ਦਿੱਤੀ ਗਈ, ਹਾਲਾਂਕਿ ਉਨ੍ਹਾਂ ਵੱਲੋਂ ਟੈਰਿਫ਼ 'ਤੇ 90 ਦਿਨਾਂ ਦੀ ਰੋਕ ਲਾਉਣ ਦਾ ਐਲਾਨ ਕੀਤਾ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਕਹੇ ਜਾਣ ਉੱਤੇ ਕੈਨੇਡੀਆਈ ਸਿਆਸਤਦਾਨਾਂ ਵੱਲੋਂ ਵਿਰੋਧ ਕੀਤਾ ਗਿਆ ਸੀ।

ਮਾਰਕ ਕਾਰਨੀ ਨੇ ਪੀਐੱਮ ਬਣਨ ਮਗਰੋਂ ਕਿਹਾ ਕਿ 'ਅਮਰੀਕਾ ਨਾਲ ਪੁਰਾਣਾ ਰਿਸ਼ਤਾ ਖ਼ਤਮ ਹੋ ਚੁੱਕਾ ਹੈ' ਇਸ ਦੇ ਨਾਲ ਹੀ ਉਨ੍ਹਾਂ ਕਿਹਾ, 'ਅਮਰੀਕੀ ਸਾਡੀ (ਕੈਨੇਡਾ) ਦੀ ਜੀਵਨ ਜਾਚ ਨੂੰ ਨਿਸ਼ਾਨਾ ਬਣਾਉਣਾ ਚਾਹੁੰਦੇ ਹਨ'।



ਪੀਏਰ ਪੋਲੀਏਵ ਅਤੇ ਮਾਰਕ ਕਾਰਨੀ ਦੋਵੇਂ ਇਹ ਦਾਅਵਾ ਕਰ ਰਹੇ ਹਨ ਕਿ ਉਹ ਟਰੰਪ ਕਰਕੇ ਖੜ੍ਹੇ ਹੋਏ ਖ਼ਤਰੇ ਨਾਲ ਵਧੇਰੇ ਬਿਹਤਰ ਤਰੀਕੇ ਨਾਲ ਨਜਿੱਠ ਸਕਦੇ ਹਨ।

2. ਘਰਾਂ ਦੀ ਘਾਟ, ਮਹਿੰਗਾਈ ਅਤੇ ਪਰਵਾਸ

ਕੈਨੇਡੀਅਨਾਂ ਦੀਆਂ ਮੁੱਖ ਘਰੇਲੂ ਚਿੰਤਾਵਾਂ- ਕਿਫਾਇਤੀ ਰਿਹਾਇਸ਼, ਸਿਹਤ ਸੰਭਾਲ- ਹਾਲ ਹੀ ਦੇ ਸਾਲਾਂ ਵਿੱਚ ਘਟੀਆਂ ਨਹੀਂ ਹਨ।

ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਕੈਨੇਡੀਆਈ ਵਪਾਰਾਂ ਉੱਤੇ ਖ਼ਤਰੇ, ਬੇਰੁਜ਼ਗਾਰੀ ਅਤੇ ਪਰਵਾਸੀਆਂ ਦੀ ਵੱਧਦੀ ਆਮਦ ਦੇ ਮੁੱਦਿਆਂ ਉੱਤੇ ਵਿਰੋਧੀ ਪਾਰਟੀਆਂ ਵੱਲੋਂ ਉਨ੍ਹਾਂ ਦਾ ਸਖ਼ਤ ਵਿਰੋਧ ਕੀਤਾ ਗਿਆ ਸੀ।

ਪਰ ਅਬਾਕਸ ਡੇਟਾ ਦੇ ਸੀਈਓ, ਪੋਲਸਟਰ ਡੇਵਿਡ ਕੋਲੇਟੋ ਨੇ ਦੱਸਿਆ ਸੀ ਕਿ ਕਿ ਇਹ ਚਿੰਤਾਵਾਂ ਅਮਰੀਕਾ ਨਾਲ ਵਪਾਰ ਯੁੱਧ ਦੇ "ਮੌਜੂਦਾ ਖ਼ਤਰੇ" ਹੇਠਾਂ ਦਬ ਗਈਆਂ ਹਨ।

ਉਨ੍ਹਾਂ ਕਿਹਾ ਸੀ, "ਭਾਵੇਂ ਰਹਿਣ-ਸਹਿਣ ਦੀ ਲਾਗਤ ਅਜੇ ਵੀ ਸਭ ਤੋਂ ਵੱਡਾ ਮੁੱਦਾ ਹੈ, ਪਰ ਇਹ ਇੰਨਾ ਵੱਡਾ ਮੁੱਦਾ ਵੀ ਨਹੀਂ ਹੈ ਕਿ ਇਸ ਕਰਕੇ 'ਵਪਾਰ ਯੁੱਧ' ਦੇ ਖ਼ਤਰੇ ਨੂੰ ਭੁੱਲਿਆ ਜਾਵੇ।"

ਇਸ ਲਈ ਪਾਰਟੀਆਂ ਅੱਗੇ ਇਹ ਚੁਣੌਤੀ ਹੋਵੇਗੀ ਕਿ ਉਹ ਇਨ੍ਹਾਂ ਚਿੰਤਾਵਾਂ ਨੂੰ ਹੱਲ ਕਰਨ ਲਈ ਠੋਸ ਨੀਤੀਆਂ ਬਣਾਉਣ ਪਰ ਇਹ ਸਭ ਉਨ੍ਹਾਂ ਨੂੰ ਵਿਆਪਕ ਆਰਥਿਕ ਖ਼ਤਰੇ ਦੇ ਸੰਦਰਭ ਵਿੱਚ ਹੀ ਤਿਆਰ ਕਰਨਾ ਪਵੇਗਾ।

ਇਸਦੇ ਨਾਲ ਹੀ ਕੈਨੇਡੀਆਈ ਸਰਕਾਰ ਵੱਲੋਂ ਬੀਤੇ ਮਹੀਨਿਆਂ ਦੌਰਾਨ ਆਪਣੇ ਪੀਆਰ, ਸਟਡੀ ਪਰਮਿਟ ਅਤੇ ਵਰਕ ਪਰਮਿਟ ਦੇ ਟੀਚਿਆਂ ਨੂੰ ਵੱਡੇ ਪੱਧਰ ਉੱਤੇ ਘਟਾਇਆ ਗਿਆ ਹੈ ਅਤੇ ਨਿਯਮ ਵੀ ਸਖ਼ਤ ਕੀਤੇ ਗਏ ਹਨ।

ਕੈਨੇਡੀਆਈ ਚੋਣਾਂ ਵਿੱਚ ਵਿਦੇਸ਼ੀ







ਦਖ਼ਲਅੰਦਾਜ਼ੀ ਦਾ ਮੁੱਦਾ ਕਿੰਨਾ ਗੰਭੀਰ?

ਹਾਲ ਹੀ ਵਿੱਚ ਉੱਚ ਸੁਰੱਖਿਆ ਕਲੀਅਰੈਂਸ ਵਾਲੇ ਇੱਕ ਸਰੋਤ ਦਾ ਹਵਾਲਾ ਦਿੰਦੇ ਹੋਏ ਕੈਨੇਡਾ ਦੇ ਗਲੋਬ ਐਂਡ ਮੇਲ ਅਖ਼ਬਾਰ ਨੇ ਇਲਜ਼ਾਮ ਲਗਾਏ ਸਨ ਕਿ ਭਾਰਤੀ ਏਜੰਟਾਂ ਵੱਲੋਂ 2022 ਵਿੱਚ ਪਾਰਟੀ ਦੇ ਲੀਡਰਸ਼ਿਪ ਚੋਣਾਂ ਸਮੇਂ ਪੀਏਰ ਪੋਲੀਏਵ ਲਈ ਕੈਨੇਡਾ ਦੇ ਏਸ਼ੀਆਈ ਭਾਈਚਾਰੇ ਦੇ ਕੋਲੋਂ ਫੰਡ ਇਕੱਠਾ ਕੀਤਾ ਗਿਆ ਸੀ ਅਤੇ ਲੋਕਾਂ ਨੂੰ ਸੰਗਠਿਤ ਕਰਨ ਵਿੱਚ ਭੂਮਿਕਾ ਅਦਾ ਕੀਤੀ ਗਈ ਸੀ।

ਹਾਲਾਂਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਪੀਏਰ ਪੋਲੀਏਵ ਜਾਂ ਉਨ੍ਹਾਂ ਦੀ ਟੀਮ ਕਥਿਤ ਦਖ਼ਲਅੰਦਾਜ਼ੀ ਬਾਰੇ ਪਹਿਲਾਂ ਹੀ ਜਾਣੂ ਸੀ।

ਇਸ ਮਗਰੋਂ ਭਾਰਤ ਦੀ ਕਥਿਤ ਦਖ਼ਲਅੰਦਾਜ਼ੀ ਦੇ ਇਲਜ਼ਾਮਾਂ ਦੀ ਚਰਚਾ ਵੱਡੇ ਪੱਧਰ ਉੱਤੇ ਹੋਈ ਸੀ।

ਕੈਨੇਡਾ ਦੀਆਂ ਚੋਣਾਂ ਵਿੱਚ ਵਿਦੇਸ਼ੀ ਦਖ਼ਲਅੰਦਾਜ਼ੀ ਹਾਲ ਹੀ ਦੇ ਸਾਲਾਂ ਵਿੱਚ ਵੱਡਾ ਮੁੱਦਾ ਰਹੀ ਹੈ ਅਤੇ ਇਸ ਮੁੱਦੇ ਦੀ ਜਾਂਚ ਲਈ ਪਿਛਲੇ ਸਾਲ ਇੱਕ ਜਨਤਕ ਜਾਂਚ ਸ਼ੁਰੂ ਕੀਤੀ ਗਈ ਸੀ।

ਵਿਦੇਸ਼ੀ ਦਖ਼ਲਅੰਦਾਜ਼ੀ ਜਾਂਚ ਮੁਤਾਬਕ ਚੀਨ ਅਤੇ ਭਾਰਤ ਨੇ ਕੈਨੇਡਾ ਦੀਆਂ ਪਿਛਲੀਆਂ ਦੋ ਚੋਣਾਂ ਵਿੱਚ ਦਖ਼ਲਅੰਦਾਜ਼ੀ ਦੀ ਕੋਸ਼ਿਸ਼ ਕੀਤੀ ਸੀ।

ਜਾਂਚ ਰਿਪੋਰਟ ਵਿੱਚ ਕਿਹਾ ਗਿਆ ਕਿ ਵਿਦੇਸ਼ੀ ਦਖ਼ਲਅੰਦਾਜ਼ੀ ਦੀਆਂ ਕੋਸ਼ਿਸ਼ਾਂ ਪ੍ਰੇਸ਼ਾਨ ਕਰਨ ਵਾਲੀਆਂ ਹਨ ਅਤੇ ਹਾਲਾਂਕਿ ਇਸ ਦਾ ਪ੍ਰਭਾਵ ਘੱਟੋ-ਘੱਟ ਸੀ ਪਰ ਰਿਪੋਰਟ ਨੇ ਚੇਤਾਵਨੀ ਦਿੱਤੀ ਸੀ ਕਿ ਗਲਤ ਜਾਣਕਾਰੀ ਦੇਸ਼ ਦੇ ਲੋਕਤੰਤਰ ਲਈ ਖ਼ਤਰਾ ਪੈਦਾ ਕਰਦੀ ਹੈ।

ਪ੍ਰਧਾਨ ਮੰਤਰੀ ਦੇ ਅਹੁਦੇ ਦੇ ਦਾਅਵੇਦਾਰ ਕੌਣ ਹਨ?

ਪੋਲਜ਼ ਦੇ ਅੰਕੜਿਆਂ ਮੁਤਾਬਕ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਲਈ ਮੁਕਾਬਲਾ ਮਾਰਕ ਕਾਰਨੀ ਅਤੇ ਪੀਏਰ ਪੋਲੀਏਵ ਵਿਚਕਾਰ ਹੋਵੇਗਾ।

## ਜਾਣਦੇ ਹਾਂ ਇਨ੍ਹਾਂ ਦੋਵਾਂ ਦੇ ਪਿਛੋਕੜ ਬਾਰੇ -

### ਮਾਰਕ ਕਾਰਨੀ ਕੌਣ ਹਨ?

ਕਾਰਨੀ ਦਾ ਜਨਮ ਉੱਤਰ-ਪੱਛਮੀ ਟੈਰੀਟਰੀਜ਼ ਦੇ ਦੂਰ-ਦੁਰਾਡੇ ਉੱਤਰੀ ਸ਼ਹਿਰ ਫੋਰਟ ਸਮਿੱਟ ਵਿੱਚ ਹੋਇਆ ਸੀ।

ਹਾਲਾਂਕਿ, ਉਨ੍ਹਾਂ ਨੇ ਨਿਊਯਾਰਕ, ਲੰਡਨ ਅਤੇ ਟੋਕੀਓ ਵਰਗੀਆਂ ਥਾਵਾਂ 'ਤੇ ਗੋਲਡਮੈਨ ਸੈਕਸ ਲਈ ਕੰਮ ਕਰਦੇ ਹੋਏ ਦੁਨੀਆਂ ਭਰ ਦੀ ਯਾਤਰਾ ਕੀਤੀ ਹੈ।

ਉਨ੍ਹਾਂ ਦੇ ਪਿਤਾ ਇੱਕ ਹਾਈ ਸਕੂਲ ਦੇ ਪ੍ਰਿੰਸੀਪਲ ਸਨ ਅਤੇ ਕਾਰਨੀ ਆਪ ਸਕਾਲਰਸ਼ਿਪ 'ਤੇ ਹਾਰਵਰਡ ਯੂਨੀਵਰਸਿਟੀ ਪੜ੍ਹਨ ਗਏ ਸਨ ਜਿੱਥੇ ਉਨ੍ਹਾਂ ਨੇ ਆਈਸ ਹਾਕੀ ਵੀ ਖੇਡੀ।

ਸਾਲ 1995 ਵਿੱਚ ਉਨ੍ਹਾਂ ਨੇ ਆਕਸਫੋਰਡ ਯੂਨੀਵਰਸਿਟੀ ਤੋਂ ਅਰਥਸ਼ਾਸਤਰ ਵਿੱਚ ਪੀਐੱਚਡੀ ਦੀ ਡਿਗਰੀ ਪ੍ਰਾਪਤ ਕੀਤੀ।

2003 ਵਿੱਚ, ਉਨ੍ਹਾਂ ਨੇ ਬੈਂਕ ਆਫ਼ ਕੈਨੇਡਾ ਵਿੱਚ ਡਿਪਟੀ ਗਵਰਨਰ ਵਜੋਂ ਸ਼ਾਮਲ ਹੋਣ ਲਈ ਨਿੱਜੀ ਖੇਤਰ ਛੱਡ ਦਿੱਤਾ ਅਤੇ ਫਿਰ ਵਿੱਤ ਵਿਭਾਗ ਵਿੱਚ ਇੱਕ ਸੀਨੀਅਰ ਐਸੋਸੀਏਟ ਡਿਪਟੀ ਮੰਤਰੀ ਵਜੋਂ ਕੰਮ ਕੀਤਾ।

ਮਾਰਕ ਕਾਰਨੀ ਬੈਂਕ ਆਫ਼ ਇੰਗਲੈਂਡ ਦੇ ਸਾਬਕਾ ਮੁਖੀ ਹਨ।

ਮਾਰਕ ਕਾਰਨੀ 2013 ਵਿੱਚ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਬਣੇ ਸਨ ਅਤੇ ਇਸ ਦੇ 300 ਸਾਲ ਤੋਂ ਵੱਧ ਦੇ ਇਤਿਹਾਸ ਵਿੱਚ ਉਹ ਪਹਿਲੇ ਗੈਰ-ਬ੍ਰਿਟਿਸ਼ ਵਿਅਕਤੀ ਸਨ ਜਿਸ ਨੇ ਇਹ ਅਹੁਦਾ ਸੰਭਾਲਿਆ ਸੀ।



### ਪੀਏਰ ਪੋਲੀਏਵ ਕੌਣ ਹਨ?



45 ਸਾਲਾ ਪੀਏਰ ਪੋਲੀਏਵ ਦਾ ਜਨਮ ਕੈਨੇਡਾ ਦੇ ਪੱਛਮੀ ਸੂਬੇ ਅਲਬਰਟਾ ਵਿੱਚ ਹੋਇਆ ਸੀ। ਉਨ੍ਹਾਂ ਦੇ ਜਨਮ ਵੇਲੇ ਉਨ੍ਹਾਂ ਦੀ ਮਾਂ ਦੀ ਉਮਰ 16 ਸਾਲਾਂ ਦੀ ਸੀ।

ਉਨ੍ਹਾਂ ਨੂੰ ਦੋ ਸਕੂਲ ਟੀਚਰਾਂ ਵੱਲੋਂ ਗੋਦ ਲੈ ਲਿਆ ਗਿਆ ਸੀ ਤੇ ਉਹ ਕੈਲਗਰੀ ਵਿੱਚ ਵੱਡੇ ਹੋਏ ਸਨ।

ਉਨ੍ਹਾਂ ਨੇ ਬਚਪਨ ਤੋਂ ਹੀ ਸਿਆਸਤ ਵਿੱਚ ਦਿਲਸਚਪੀ ਵਿਖਾਉਣੀ ਸ਼ੁਰੂ ਕਰ ਦਿੱਤੀ ਸੀ। ਉਹ ਯੂਨੀਵਰਸਿਟੀ ਆਫ਼ ਕੈਲਗਰੀ ਵਿੱਚ 'ਇੰਟਰਨੈਸ਼ਨਲ ਰਿਲੇਸ਼ਨਜ਼' ਦੀ ਪੜ੍ਹਾਈ ਕਰ ਰਹੇ ਸਨ ਜਦੋਂ ਉਹ ਕੰਜ਼ਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦੇ ਸਰਕਾਰ ਵੇਲੇ ਕੈਬਨਿਟ ਮੰਤਰੀ ਰਹੇ ਸਟੌਕਵੈੱਲ ਡੇਅ ਨੂੰ ਮਿਲੇ।

ਉਨ੍ਹਾਂ ਨੇ ਪੋਲੀਏਵ ਨੂੰ ਕੈਂਪਸ ਆਊਟਰੀਚ ਵਿੱਚ ਮਦਦ ਕਰਨ ਲਈ ਕਿਹਾ।

ਉਹ ਸਫ਼ਲ ਰਹੇ ਅਤੇ ਪੋਲੀਏਵ ਉਨ੍ਹਾਂ ਦੇ ਅਸਿਸਟੈਂਟ ਵਜੋਂ ਓਟਵਾ ਪਹੁੰਚੇ।

25 ਸਾਲ ਦੀ ਉਮਰ ਵਿੱਚ ਪੋਲੀਏਵ ਨੇ ਐੱਮਪੀ ਦੀ ਚੋਣ ਜਿੱਤੀ।ਉਹ ਆਪਣੀ ਸੀਟ ਤੋਂ ਹੁਣ ਤੱਕ ਜਿੱਤਦੇ ਆ ਰਹੇ ਹਨ।

## ਕੈਨੇਡਾ 'ਚ ਪ੍ਰਧਾਨ ਮੰਤਰੀ ਕਿਵੇਂ ਚੁਣਿਆ ਜਾਂਦਾ ਹੈ?

ਕੈਨੇਡਾ ਦੀਆਂ ਸੰਘੀ ਚੋਣਾਂ ਵਿੱਚ ਯੂਕੇ ਦੀਆਂ ਚੋਣਾਂ ਵਾਂਗ ਵੋਟਰ ਸਿੱਧੇ ਤੌਰ ਤੇ ਪ੍ਰਧਾਨ ਮੰਤਰੀ ਲਈ ਵੋਟ ਨਹੀਂ ਪਾ ਸਕਦੇ।

ਇਸ ਦੀ ਥਾਂ ਸੰਸਦ ਮੈਂਬਰਾਂ (ਐੱਮਪੀ) ਦੀ ਬਹੁਗਿਣਤੀ ਵਾਲੀ ਪਾਰਟੀ ਦਾ ਆਗੂ ਹੀ ਪ੍ਰਧਾਨ ਮੰਤਰੀ ਬਣ ਜਾਂਦਾ ਹੈ।

ਬਹੁਗਿਣਤੀ ਲਈ ਕਿੰਨੀਆਂ ਸੀਟਾਂ ਦੀ ਲੋੜ?

ਪਾਰਲੀਮੈਂਟ ਭੰਗ ਹੋਣ ਸਮੇਂ ਲਿਬਰਲ ਪਾਰਟੀ ਕੋਲ 154 ਸੀਟਾਂ ਸਨ ਜਦਕਿ ਕੰਜ਼ਰਵੇਟਿਵ ਪਾਰਟੀ ਕੋਲ 120 ਸੀਟਾਂ ਸਨ, ਬਲੌਕ ਕਿਊਬਿਕਾ ਕੋਲ 33 ਸੀਟਾਂ ਹਨ ਜਦਕਿ ਐੱਨਡੀਪੀ ਕੋਲ 12 ਸੀਟਾਂ ਸਨ।

ਕੈਨੇਡਾ ਦੀ ਪਾਰਲੀਮੈਂਟ ਵਿੱਚ ਕਿਸੇ ਵੀ ਪਾਰਟੀ ਨੂੰ ਬਹੁਗਿਣਤੀ ਸਰਕਾਰ ਬਣਾਉਣ ਲਈ 170 ਸੀਟਾਂ ਦੀ ਲੋੜ ਹੁੰਦੀ ਹੈ।

# ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਸਾਹਿਬ ਕੈਲਗਰੀ ਵੱਲੋਂ ਸਪੱਸਟੀਕਰਨ ਅਤੇ ਬੇਨਤੀ



ਸ਼ੋਸ਼ਲ ਮੀਡੀਆ ਉੱਪਰ ਸ਼ਰਾਰਤ ਪੂਰਨ ਪੋਸਟ ਉੱਪਰ ਕਿਸੇ ਸ਼ਰਾਰਤੀ ਨੇ ਆਹ ਫੋਟੋ ਲਗਾਈ ਹੋਈ ਸੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸੋਸਲ ਮੀਡੀਆ ਉੱਪਰ ਕਿਸੇ ਸ਼ਰਾਰਤੀ ਵੱਲੋਂ ਗੁਰੁ ਘਰ ਗੋਬਿੰਦ ਮਾਰਗ ਚੈਰੀਟੇਬਲ ਟਰੱਸਟ ਫਾਊਂਡੇਸ਼ਨ (ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰਦੁਆਰਾ ਸਾਹਿਬ ਕੈਲਗਰੀ) ਦੇ ਬਾਰੇ ਵਿੱਚ ਝੂਠੀ ਤੇ ਸ਼ਰਾਰਤਪੂਰਣ ਪੋਸਟ ਇੰਡੀਅਨ ਸੋਸਾਇਟੀ ਆਫ਼ ਅਲਬਰਟਾ ਦੇ ਸੋਸ਼ਲ ਮੀਡੀਆ ਪਲੇਟਫਾਰਮ ਉੱਪਰ ਪਾਈ ਗਈ ਵੇਖੀ ਗਈ ਜਿਸ ਸਬੰਧੀ ਗੁਰੂਘਰ ਵੱਲੋਂ ਸਪੱਸਟੀਕਰਨ ਦਿੱਤਾ ਗਿਆ ਹੈ ਕਿ ਇਸ ਸਰਾਸਰ ਗਲਤ ਪੋਸਟ ਹੈ । ਗੁਰੂਘਰ ਦੀ ਪਰਬੰਧਕੀ ਟੀਮ ਦਾ ਕਹਿਣਾ ਹੈ ਕਿ ਅਸੀਂ ਇਸ ਪੂਰੀ ਤਰ੍ਹਾਂ ਝੂਠੀ ਪੋਸਟ ਤੋਂ ਬਹੁਤ ਪਰੇਸ਼ਾਨ ਹਾਂ ਕਿ ਪੋਸਟ ਵਿੱਚ ਝੂਠਾ ਦਾਅਵਾ ਕੀਤਾ ਗਿਆ ਹੈ ਕਿ ਸਾਡਾ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ, 12 ਅਪ੍ਰੈਲ, 2025 ਨੂੰ ?ਲੰਪਿਕ ਪਲਾਜ਼ਾ, ਕੈਲਗਰੀ ਵਿਖੇ ਇੱਕ ਵਿਰੋਧ ਪ੍ਰਦਰਸ਼ਨ ਦਾ ਆਯੋਜਨ ਕਰ ਰਿਹਾ ਹੈ, ਜਿਸ ਵਿੱਚ ਕੈਨੇਡੀਅਨ ਸਰਕਾਰ ਨੂੰ ਗੁਜਰਾਤ, ਭਾਰਤ ਤੋਂ ਇਮੀਗ੍ਰੇਸ਼ਨ 'ਤੇ ਪਾਬੰਦੀ ਲਗਾਉਣ ਲਈ ਲਾਬਿੰਗ ਕਰਨ ਦਾ ਐਲਾਨ ਕੀਤਾ ਗਿਆ ਹੈ। ਪਰ ਅਸੀਂ ਸਪੱਸ਼ਟ ਤੌਰ 'ਤੇ ਅਜਿਹੇ ਕਿਸੇ ਵੀ ਸਮਾਗਮ ਜਾਂ ਭਾਵਨਾ ਵਿੱਚ ਕਿਸੇ ਵੀ ਸ਼ਮੂਲੀਅਤ ਜਾਂ ਸਮਰਥਨ ਤੋਂ ਇਨਕਾਰ ਕਰਦੇ ਹਾਂ। ਇਹ ਮਨਘੜਤ ਸੁਨੇਹਾ ਜਨਤਾ ਨੂੰ ਗੁੰਮਰਾਹ ਕਰਨ, ਭਾਈਚਾਰੇ ਅੰਦਰ ਆਪਸੀ ਫੁੱਟ ਪਾਉਣ , ਅਤੇ ਸਾਡੀ ਧਾਰਮਿਕ ਅਤੇ ਭਾਈਚਾਰਕ ਸੰਸਥਾ ਦੀ ਸਾਖ ਨੂੰ ਖਰਾਬ ਕਰਨ ਦੀ ਇੱਕ ਸਪੱਸ਼ਟ ਕੋਸ਼ਿਸ਼ ਹੈ, ਜੋ ਕਿ ਹਮੇਸ਼ਾ ਸ਼ਾਂਤੀ, ਏਕਤਾ ਅਤੇ ਸਾਰਿਆਂ ਲਈ ਸਮਾਨਤਾ ਲਈ ਖੜ੍ਹੀ ਰਹੀ ਹੈ, ਭਾਵੇਂ ਇਹ ਕਿਸੇ ਵੀ ਪਿਛੋਕੜ ਜਾਂ ਮੂਲ ਦੀ ਹੋਵੇ। ਇਹ ਝੂਠੀ ਪੋਸਟ ਨਾ ਸਿਰਫ਼ ਸਾਡੇ ਗੁਰਦੁਆਰੇ ਅਤੇ ਇਸਦੇ ਆਗੂਆਂ ਨੂੰ ਬਦਨਾਮ ਕਰਦੀ ਹੈ, ਸਗੋਂ ਸਾਡੇ ਸੱਭਿਆਚਾਰ ਅਤੇ ਸਮਾਜਿਕ ਤਾਣੇ-ਬਾਣੇ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਹੈ ਅਸੀਂ ਇਸਨੂੰ ਮਾਣਹਾਨੀ, ਭੜਕਾਹਟ ਅਤੇ ਗਲਤ ਜਾਣਕਾਰੀ ਵਾਲੀ ਪੋਸਟ ਮੰਨਦੇ ਹਾਂ, ਅਤੇ ਅਸੀਂ ਇਸ ਪੋਸਟ ਦੇ ਮੂਲ ਅਤੇ ਇਸਦੇ ਪ੍ਰਸਾਰ ਲਈ ਜ਼ਿੰਮੇਵਾਰ ਲੋਕਾਂ ਦੀ ਪੂਰੀ ਜਾਂਚ ਦੀ ਅਪੀਲ ਕਰਦੇ ਹਾਂ। ਜਿਸ ਸਬੰਧੀ ਅਸੀਂ ਉੱਚ ਅਧਿਕਾਰੀਆਂ ਨੂੰ ਇਸ ਬਾਰੇ ਲਿਖਿਆ ਹੈ, ਕਿ ਇੰਡੀਅਨ ਸੋਸਾਇਟੀ ਆਫ਼ ਅਲਬਰਟਾ ਨੂੰ ਬੇਨਤੀ ਕੀਤੀ ਜਾ ਰਹੀ ਹੈ ਕਿ ਉਹ ਪੋਸਟ ਨੂੰ ਤੁਰੰਤ ਦੁਬਾਰਾ ਪ੍ਰਕਾਸ਼ਿਤ ਕਰਨ, ਜਨਤਕ ਸਪਸ਼ਟੀਕਰਨ ਜਾਰੀ ਕਰਨ, ਅਤੇ ਸਰੋਤ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਨ। ਮੀਡੀਆ ਆਉਟਲੈਟਾਂ ਨੂੰ ਤੱਥਾਂ ਨੂੰ ਸਪੱਸ਼ਟ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਸੁਚੇਤ ਕੀਤਾ ਜਾ ਰਿਹਾ ਹੈ ਕਿ ਜਨਤਾ ਨੂੰ ਜਾਣੂ ਕਰਵਾਇਆ ਜਾਵੇ ਕਿ ਇਹ ਬਿਆਨ ਗਲਤ ਹੈ ਅਤੇ ਕਿਸੇ ਵੀ ਰੂਪ ਵਿੱਚ ਸਾਡੇ ਸੰਗਠਨ ਦੀ ਨੁਮਾਇੰਦਗੀ ਨਹੀਂ ਕਰਦਾ ਹੈ। ਕੈਲਗਰੀ ਪੁਲਿਸ ਸੇਵਾ ਅਤੇ ਸੰਬੰਧਿਤ ਸਾਈਬਰ ਕ੍ਰਾਈਮ ਅਧਿਕਾਰੀਆਂ ਨੂੰ ਬੇਨਤੀ ਹੈ ਕਿ ਉਹ ਇਸ ਮਾਮਲੇ ਨੂੰ ਜ਼ਰੂਰੀ ਤੌਰ 'ਤੇ ਜਾਂਚ ਕਰਨ ਅਤੇ ਸਾਡੀ ਸਾਖ ਨੂੰ ਹੋਣ ਵਾਲੇ ਕਿਸੇ ਵੀ ਹੋਰ ਨੁਕਸਾਨ ਅਤੇ ਸਾਡੇ ਭਾਈਚਾਰੇ ਨੂੰ ਹੋਣ ਵਾਲੇ ਖਤਰਿਆਂ ਤੋਂ ਸੁਰੱਖਿਆ ਪ੍ਰਦਾਨ ਕਰਨ।

## ਕੈਨੇਡੀਅਨ ਸੱਥ

# ਉਦੋਂ ਸਰਕਾਰ ਦੇ ਗਲ਼ ਗੂਠਾ ਦੇ ਕੇ ਕੰਮ ਕਿਉ ਨਹੀ ਸਿਰੇ ਚੜਾਏ !



ਅਸ਼ੀਸ਼ ਨਰੂਲਾ
1 204 890 5040

ਚੋਣਾਂ ਭਾਂਵੇ ਸਥਾਨਕ ਹੋਣ ਸੂਬਾਈ ਜਾਂ ਫਿਰ ਸੈਂਟਰ ਸਰਕਾਰ ਦੀਆਂ , ਸਾਈਨ ਬੋਰਡ ਦੇ ਨਾਲ ਛੇੜ ਛਾੜ ਕਰਨਾ ਇੱਕ ਤਰਾਂ ਦੀ ਸੌੜੀ ਮਾਨਸਿਕਤਾ ਦੀ ਨਿਸ਼ਨੀ ਹੈ,ਅਤੇ ਇਹ ਨਿਰੰਤਰ ਕਈ ਹਲਕਿਆਂ ਵਿੱਚ ਹੁੰਦਾ ਆਇਆ ਹੈ ਅਤੇ ਸ਼ਾਇਦ ਹੁੰਦਾ ਰਹੇਗਾ। ਸੈਂਟਰਲ ਅਲਬਰਟਾ ਵਿੱਚ ਇੱਕ ਫੈਡਰਲ ਐਨ ਡੀ ਪੀ ਉਮੀਦਵਾਰ, ਜਿਸਦੇ ਬੈਨਰ ਬਦਨਾਮ ਕਰਨ ਲਈ ਵਰਤੇ ਗਏ ਸਨ, ਦਾ ਮੰਨਣਾ ਹੈ ਕਿ ਧਿਆਨ ਉਸ 'ਤੇ ਨਹੀਂ ਸੀ, ਸਗੋਂ ਉਸ 'ਤੇ ਸੀ ਜਿਸਨੂੰ ਉਹ "ਵੱਡੇ ਰਾਜਨੀਤਿਕ ਮੁੱਦਿਆਂ" ਬਾਰੇ ਕਹਿੰਦੀ ਹੈ। ਯੈਲੋਹੈੱਡ ਹਲਕੇ ਦੀ ਉਮੀਦਵਾਰ ਅਵਨੀ ਸੋਮਾ ਨੇ ਕਿਹਾ ਕਿ ਉਸਦੇ ਦਫ਼ਤਰ ਨੂੰ ਕਸਬੇ ਤੋਂ ਈਮੇਲਾਂ ਰਾਹੀਂ ਭੰਨਤੋੜ ਬਾਰੇ ਪਤਾ ਲੱਗਾ। ਸੋਮਾ ਨੇ ਇਹ ਨਹੀਂ ਦੱਸਿਆ ਕਿ ਕਿਹੜੇ ਬਦਨਾਮ ਵਰਤੇ ਗਏ ਸਨ, ਪਰ ਕਿਹਾ ਕਿ ਉਹ ਹੈਰਾਨ ਸੀ ਕਿ ਇਹ ਇੱਕੋ ਇੱਕ ਵਾਰ ਹੋਇਆ ਸੀ।ਮੈਨੂੰ ਨਹੀਂ ਪਤਾ ਕਿ ਅਜਿਹਾ ਕਰਨ ਵਾਲੇ ਵਿਅਕਤੀ ਦਾ ਕੀ ਇਰਾਦਾ ਸੀ, ਪਰ ਮੈਨੂੰ ਨਹੀਂ ਲੱਗਦਾ ਕਿ ਇਹ ਮੇਰੇ ਵੱਲ ਸੇਧਿਤ ਸੀ," ਉਸਨੇ ਕਿਹਾ। "ਨਿੱਜੀ ਤੌਰ 'ਤੇ, ਮੈਨੂੰ ਲੱਗਦਾ ਹੈ ਕਿ ਇਹ ਵੱਡੇ ਰਾਜਨੀਤਿਕ ਮੁੱਦਿਆਂ ਵੱਲ ਸੇਧਿਤ ਸੀ। ਰਾਜਨੀਤੀ ਯਕੀਨੀ ਤੌਰ 'ਤੇ ਮਨੁੱਖਾਂ ਵਿੱਚ ਬਹੁਤ ਭਾਵਨਾਤਮਕ ਗੁੱਸਾ ਭੜਕਾਉਂਦੀ ਹੈ।" ਆਰਸੀਐਮਪੀ ਨੇ ਕਿਹਾ ਹੈ ਕਿ ਉਹ ਐਨਡੀਪੀ ਦੇ ਚੋਣ ਨਿਸ਼ਾਨਾਂ 'ਤੇ ਸਪਰੇਅ ਪੇਂਟ ਕੀਤੇ ਜਾਣ ਦੀਆਂ ਕਈ ਰਿਪੋਰਟਾਂ ਦੀ ਜਾਂਚ ਕਰ ਰਹੇ ਹਨ ਜਿਸਨੂੰ ਉਹ "ਪੱਖਪਾਤੀ ਗਾਲਾਂ" ਕਹਿੰਦੇ ਹਨ। ਸਾਡ ਕੈਲਗਰੀ ਸ਼ਹਿਰ ਵਿੱਚ ਵੀ ਇਸ ਤਰਾਂ ਦੀਆਂ ਘਟਨਾਵਾਂ ਹੁੰਦੀਆ ਰਹਿੰਦੀਆਂ ਹਨ ।ਉਧਰ ਅਲਬਰਟਾ ਹੈਲਥ ਸਰਵਿਸ ਵਾਲਾ ਮੁੱਦਾ ਕਾਫੀ ਚਰਚਾ ਵਿੱਚ ਚੱਲ ਰਿਹਾ ਹੈ , ਲੰਘੇ ਦਿਨੀ ਪਾਰਲੀਮੈਂਟ ਬਿਲਡਿੰਗ ਵਿੱਚ ਪ੍ਰੀਮੀਅਰ ਅਤੇ ਹੈਲਥ ਕਿਰਟਿਕ ਵਿਚਾਲੇ ਬਹਿਸ ਹੋਈ ਜਿੱਥੇ ਕਿਰਟਿਕ ਨੇ ਸਰਕਾਰ ਨੂੰ ਅਤੇ ਨੀਤੀਆਂ ਤੇ ਪੱਖਪਾਤ ਦਾ ਦੋਸ਼ ਲਗਾਏ, ਉੱਥੇ ਸਮਿੱਥ ਹੁਰੀ ਆਪਣੇ ਮੰਤਰੀ ਅਤੇ ਅਮਲੇ ਫੈਲੇ ਦਾ ਬਚਾਅ ਕਰਦੇ ਨਜ਼ਰ ਆਏ। ਇਸੇ ਸੰਦਰਭ ਵਿੱਚ ਕਿੰਗਜ਼ ਬੈਂਚ ਦੀ ਇੱਕ ਅਦਾਲਤ ਦੇ ਜੱਜ ਨੇ ਸੂਬੇ ਦੀ ਬੇਨਤੀ 'ਤੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਹੈ ਕਿ ਅਲਬਰਟਾ ਹੈਲਥ ਸਰਵਿਸਿਜ਼ ਦੇ ਸਾਬਕਾ ਸੀਈ? ਨੂੰ ਨੌਕਰੀ ਤੋਂ ਕੱਢਣ ਤੋਂ ਇੱਕ ਦਿਨ ਪਹਿਲਾਂ ਆਪਣੇ ਨਿੱਜੀ ਖਾਤੇ ਵਿੱਚ ਭੇਜੇ ਗਏ ਕੰਮ ਦੇ ਈਮੇਲ ਮਿਟਾਉਣ ਲਈ ਮਜਬੂਰ ਕੀਤਾ ਜਾਵੇ।ਅਲਬਰਟਾ ਸਰਕਾਰ ਅਤੇ ਅਲਬਰਟਾ ਹੈਲਥ ਸਰਵਿਸਿਜ਼ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਐਡਮੰਟਨ ਦੇ ਇੱਕ ਅਦਾਲਤ ਵਿੱਚ ਦਲੀਲ ਦਿੱਤੀ ਕਿ ਜਿਨ੍ਹਾਂ ਨੌਂ ਈਮੇਲਾਂ ਬਾਰੇ ਉਹ ਜਾਣਦੇ ਹਨ ਉਨ੍ਹਾਂ ਵਿੱਚ ਗੁਪਤ ਜਾਣਕਾਰੀ ਹੈ ਜੋ ਉਂ ਨਾਲ ਸਬੰਧਤ ਹੈ। ਉਹ ਅਥਾਨਾ ਮੈਂਟਜ਼ੇਲੋਪੋਲੋਸ ਨੂੰ ਸਮੱਗਰੀ ਸਾਂਝੀ ਕਰਨ ਤੋਂ ਰੋਕਣ ਦੀ ਮੰਗ ਕਰ ਰਹੇ ਹਨ।ਸਰਕਾਰ ਇਹ ਵੀ ਚਾਹੁੰਦੀ ਹੈ ਕਿ ਅਦਾਲਤ ਮੈਂਟਜ਼ੇਲੋਪੋਲੋਸ ਨੂੰ ਆਪਣੇ ਵਕੀਲਾਂ ਦੁਆਰਾ ਜਿਰ੍ਹਾ ਦਾ ਸਾਹਮਣਾ ਕਰਨ ਲਈ ਮਜਬੂਰ ਕਰੇ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਸਨੇ ਪਹਿਲਾਂ ਹੀ ਉਹ ਜਾਣਕਾਰੀ ਕਿਸ ਨੂੰ ਭੇਜੀ ਹੈ। ਮੈਂਟਜ਼ੇਲੋਪੋਲੋਸ ਦੇ ਵਕੀਲ ਡੈਨ ਸਕਾਟ ਨੇ ਅਜਿਹੀ ਕਾਰਵਾਈ ਨੂੰ "ਇੱਕ ਮੱਛੀ ਫੜਨ ਦੀ ਮੁਹਿੰਮ" ਕਿਹਾ।ਜਿਵੇਂ ਜਿਵੇ ਚੋਣਾਂ ਦਾ ਦਿਨ ਨੇੜੇ ਆ ਰਹੇ ਹਨ ਲੀਡਰ ਨੇ ਵਾਅਦੇ ਕਰਨ ਦੀ ਪਟਾਰੀ ਦਾ ਮੂੰਹ ਥੋੜਾ ਹੋਰ ਖੋਲ ਦਿੱਤਾ ਹੈ ਆਪਣੀ ਆਪਣੀ ਰਾਈਡਿੰਗ ਅਤੇ ਨੈਸ਼ਨਲ ਲੈਵਲ ਤੇ ਕੰਪੇਨ ਕਰਦੇ ਕਰਦੇ ਵਾਅਦੇ ਦਾ ਲਫਾਫਾ ਖੁੱਲਾ ਛੱਡ ਕੇ ਚੱਲ ਰਹੇ ਹਨ , ਐਨ ਡੀ ਪੀ ਲੀਡਰ ਜਗੀਮੀਤ ਸਿੰਘ ਨੇ 35000 ਨਰਸਾਂ ਭਰਤੀ ਕਰਨ ਦਾ ਵਾਅਦਾ ਕੀਤਾ ਹੈ ਜੇਕਰ ਸਾਡੀ ਸਰਕਾਰ ਬਣਦੀ ਹੈ ਤਾਂ । ਪਰ ਸਿੰਘ ਸਾਹਿਬ ਜਦੋ 10 ਸਾਲ ਵਾਂਗ ਸਰਕਾਰ ਦੀ ਭਾਈ ਵਾਲੀ ਵਿੱਚ ਸਨ ਉਦੋਂ ਸਰਕਾਰ ਦੇ ਗਲ ਗੂਠਾ ਦੇ ਕੇ ਲੋਕ ਭਲਾਈ ਦੇ ਕੰਮ ਕਿਉ ਨਹੀ ਸਿਰੇ ਚੜਾਏ। ਪਾਲੀਐਵ ਹੁਰਾਂ ਨੇ ਵੀ ਨਵੇਂ ਘਰ ਖਰੀਦਣ ਉਤੇ ਲੱਖ ਡਾਲਰ ਦੀ ਸੇਵਿੰਗ ਦਾ ਪਲਾਨ ਦੁਹਰਾਇਆ ਹੈ । ਅਸਲ ਵਿੱਚ ਜਿਹੜੇ ਵਾਅਦੇ ਲੀਡਰ ਕਰਦੇ ਹਨ ਸਾਰੇ ਦੇ ਸਾਰੇ ਕੋਰਟ ਵਿੱਚ ਅਟੈਸਟ ਹੋ ਕੇ ਰਜਿਸਟਰਡ ਹੋਣੇ ਚਾਹੀਦੇ ਹਨ ਤਾਂ ਜੋ ਭਲੇ ਭਾਲੇ ਲੋਕ ਵਾਰ ਵਾਰ ਠੱਗੇ ਨਾ ਜਾ ਸਕਣ ਅਤੇ ਲੀਡਰ ਵੀ ਵਾਅਦਾ ਕਰਨ ਲੱਗੇ 10 ਵਾਰ ਸੋਚਣ ਅਤੇ ਵਾਅਦੇ ਪੂਰੇ ਨਾ ਹੋਣ ਦੀ ਸੂਰਤ ਵਿੱਚ ਜੁਰਮਾਨੇ ਦੇ ਤੌਰ ਤੇ ਮੈਂਬਰਸ਼ਿਪ ਰੱਦ ਜਾਂ ਫਿਰ ਜੁਰਮਾਨਾ ਵੀ ਹੋਣਾ ਚਾਹੀਦਾ ਹੈ। ਬਾਕੀ ਵੋਟ ਦਾ ਅਧਿਕਾਰ ਵਰਤੋ ਸੋਚ ਸਮਝ ਕੇ ਅਤੇ ਸਥਾਈ ਅਤੇ ਜੁੰਮੇਵਾਰ ਸਰਕਾਰ ਚੁਣਨ ਵਿੱਚ ਆਪਣਾ ਯੋਗਦਾਨ ਪਾਉ। ਮੁਕਾਬਲਾ ਪੂਰਾ ਫਸਵਾਂ ਹੋ ਗਿਆ ਹੈ !ਦੇਖੋ ਊਠ ਕਿਸ ਕਰਵਟ ਬੈਠਦਾ ਹੈ !

# ਕਾਗਜ਼ੀ ਵਿਚੋਲਪੁਣਾ

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***271***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: 780 504 6770 ਜਾਂ 1 639 540 0879 ***271***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਜੱਟ ਸਿੱਖ ਪਰਿਵਾਰ ਦੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ 1587 707 3029 ***271***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਗਰਚਾ ਪਰਿਵਾਰ ਦੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬਿਜਨਿਸ ਇਨ ਅਕਾਊਂਟਿੰਗ ਅਤੇ ਪਲੰਬਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 1 587 568 8796 ਜਾਂ 1 587 568 8795 ***271***,

### ਲੜਕੀ ਦੀ ਲੋੜ

Seeking suitable match for 1994 born, 6 Ft. Tall Canadian Citizen, Saini Sikh, working as Pilot in Canadian airline. Entire family settled in Calgary, Canada. Looking for well educated, cultured, family-oriented bride from Professional background. If Interested send bio data@ +1 403-969-1476, Serious inquiries only (Marriage Bureau Excuse) ***269***,

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਤਲਾਕਸੁਦਾ, ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ, ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 280 0169 ਜਾਂ 1 825 561 2852 ***271***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਸਿੱਖ ਪਰਿਵਾਰ (ਧਿੰਜਨ) ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਪਲੱਸ 2 ਅਤੇ ਸੰਗੀਤ ਡਿਪਲੋਮਾ ਹੋਲਡਰ,ਹਾਰਮੋਨੀਅਮ, ਸਿਤਾਰ ਅਤੇ ਦਿਲਰੁਬਾ ਵਰਗੇ ਸਾਜ਼ ਵਜਾਉਣ ਦੇ ਮਾਹਿਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਕਨੇਡਾ ਵਿੱਚ ਆਪਣਾ ਘਰ ਹੈ। ਸੰਪਰਕ: 403 707 4913 ਜਾਂ ਈ ਮੇਲ: dhinjantirth@gmail.com ***271***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ 1981, ਕੱਦ 5 ਫੁੱਟ 6 ਇੰਚ, ਲਈ ਲੜਕੇ ਦੀ ਲੋੜ ਹੈ । ਸਿਰਫ ਜੱਟ ਸਿੱਖ ਪਰਿਵਾਰ ਹੀ ਸੰਪਰਕ ਕਰਨ। ਸੰਪਰਕ: 403 671 3435 ***267***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ, ਜੱਟ ਸਿੱਖ ਭੱਠਲ ਪਰਿਵਾਰ ਦੇ ਲੜਕੇ ਉਮਰ 30 ਸਾਲ, ਕੱਦ 5 ਫੁੱਟ 10 ਇੰਚ,ਵਿਦਿਅਕ ਯੋਗਤਾ: ਮਕੈਨੀਕਲ ਇੰਜੀਨੀਅਰਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਪੰਜਾਬ ਦੇ ਲੁਧਿਆਣਾ ਜਿਲੇ ਨਾਲ ਸਬੰਧਿਤ ਲੜਕੇ ਕੋਲ ਆਪਣਾ ਘਰ ਹੈ ਅਤੇ ਕੈਲਗਰੀ ਵਿਖੇ ਕਾਰ ਮਕੈਨਿਕ ਦੀ ਜੌਬ ਕਰ ਰਿਹਾ ਹੈ। ਲੜਕੇ ਦੀ ਸਾਰੀ ਫੈਮਿਲੀ ਯੂ ਐਸ ਏ ਅਤੇ ਕਨੇਡਾ ਵਿੱਚ ਪੱਕੇ ਤੌਰ 'ਤੇ ਸੈੱਟਲ ਹੈ। ਸੰਪਰਕ: 1 825 733 6513 ਜਾਂ 1 778 551 8600 ,email : Simardeepbhathal@gmail.com ***268***

### ਲੜਕੀ ਦੀ ਲੋੜ

ਅੰਬਾਲਾ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 24 ਕੱਦ 5 ਫੁੱਟ 11 ਇੰਚ, BCA ਡਿਗਰੀ (93%) k-11 ਸਕੂਲ ਫਿਟਨੈਸ ਸਾਇੰਸਸ ਦਿੱਲੀ ਤੋ ਤਜਰਬੇਕਾਰ ਫਿਟਨੈਸ ਟ੍ਰੇਨਰ ਦੀ ਡਿਗਰੀ ਪ੍ਰਾਪਤ, 22 ਏਕੜ ਜਮੀਨ, ਸ਼ਹਿਰੀ ਅਤੇ ਪੇਂਡੂ ਜਾਇਦਾਦ, ਨਸ਼ਾ ਰਹਿਤ ਲਈ ਕੈਨੇਡਾ ਦੀ ਪੀ-ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਸੰਪਰਕ-sukhivrbhangu75@gmial.com ***270***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਸੈਣੀ ਸਿੱਖ ਪਰਿਵਾਰ ਦੇ ਲੜਕੇ ਉਮਰ 39 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੇਡ 12 ਅਤੇ ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 918 0576 ***270***

### ਲੜਕੇ ਦੀ ਲੋੜ

ਕਨੇਡਾ ਦੀ ਜੰਮਪਲ,ਕਨੇਡੀਅਨ ਸਿਟੀਜਨ, ਜੱਟ ਸਿੱਖ ਪਰਿਵਾਰ ਦੀ ਅਣਮੈਰਿਡ ਸੋਹਣੀ ਸੁਨੱਖੀ ਲੜਕੀ,ਉਮਰ 42 ਸਾਲ, ਕੱਦ 5 ਫੁੱਟ 3 ਇੰਚ, ਚੰਗੀ ਤਨਖਾਹ ਉੱਪਰ ਸਰਕਾਰੀ ਜੌਬ ਕਰਦੀ ਲਈ,ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਿਜਟਿਰ ਵੀਜਾ ਜਾਂ ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਿਆਹ ਤੋਂ ਬਾਦ ਲੜਕਾ ਐਡਮਿੰਟਨ ਰਹਿਣ ਲਈ ਤਿਆਰ ਹੋਵੇ। ਤਸਵੀਰਾਂ ਅਤੇ ਬਾਇਓਡਾਟਾ -1 780 982 0336 ਉੱਪਰ ਸਿਰਫ ਵਟਸਐਪ ਭੇਜ ਸਕਦੇ ਹੋ। ਫੋਨ ਕਾਲ ਨਹੀਂ ਕਰਨੀ ਜੀ। ***268***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮੋਗਾ ਏਰੀਆ ਦੇ ਪਿਛੋਕੜ ਵਾਲੇ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ਉਮਰ 30 ਸਾਲ,ਕੱਦ 5 ਫੁੱਟ 11 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਬਿਜਨਿਸ ਐਡਮਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਚੰਗੀ ਜੌਬ ਕਰਦੀ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 1 587 500 4035 ***270***

### ਲੜਕੇ / ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸੰਘਾ ਪਰਿਵਾਰ ਦੀ ਲੜਕੀ,ਉਮਰ 31 ਸਾਲ,ਕੱਦ 5 ਫੁੱਟ 6 ਇੰਚ, ਬਿਜਨਿਸ ਮੈਨੇਜਮੈਂਟ ਐਡਮਨਿਸਟ੍ਰੇਸ਼ਨ ਡਿਪਲੋਮਾ ਹੋਲਡਰ ਲਈ ਚੰਗੇ ਪੜ੍ਹੇਲਿਖੇ ਲੜਕੇ ਅਤੇ ਇਸੇ ਹੀ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਕਨੇਡਾ ਆਏ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਮਕੈਨੀਕਲ ਇੰਜੀਨੀਅਰਰਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 435 8721 ਜਾਂ 1 587 336 8069 ***270***

### ਲੜਕੇ ਦੀ ਲੋੜ

Jatt-Sikh Family is well established in Saskatoon, Canada. Looking for family-oriented Canadian born, Prefer Professional, well-educated match for their daughter born in 1991, 5"7 vegetarian born Braised in Canada. The daughter is family-oriented, has an education in Pharmacy, and owns her own business and house. Divorced, no kids, wants children. Now living with parents. Preference Alberta or Saskatchewan area. Serious inquiries only. No marriage Bureau calls. Send Bio E Mail: bpandher2007@yahoo.ca ***270***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਢਿੱਲੋਂ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 29 ਸਾਲ, ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਆਟੋਮੋਬਾਈਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਅਤੇ ਪ੍ਰੋਜੈਕਟ ਮੈਨੇਜਮੈਂਟ ਵਿੱਚ ਪੀਜੀਡੀਪੀ,ਲਈ , ਪੜ੍ਹੀ-ਲਿਖੀ ਪਰਿਵਾਰਕ ਕਦਰਾਂ-ਕੀਮਤਾਂ ਵਾਲੀ ਲੜਕੀ ਜਿਸ ਦਾ ਕੱਦ 5 ਫੁੱਟ 5 ਇੰਚ ਦੇ ਕਰੀਬ ਅਤੇ ਕਨੇਡੀਅਨ ਪੀ ਆਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਕਿਰਪਾ ਕਰਕੇ ਸਿਰਫ਼ ਸੀਰੀਅਸ ਪੁੱਛਗਿੱਛ ਲਈ ਹੀ ਸੰਪਰਕ ਕਰੋ: 587 296 5710 ਜਾਂ 403 926 2362 ***270***

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ, ਜੱਟ ਸਿੱਖ ਗਿੱਲ ਪਰਿਵਾਰ ਦੀ ਲੁਧਿਆਣਾ ਦੀ ਜੰਮਪਲ,ਲੜਕੀ ਉਮਰ 27 ਸਾਲ ਕੱਦ 5 ਫੁੱਟ 6 ਇੰਚ, LPN ਦੀ ਵਿਦਿਅਕ ਯੋਗਤਾ ਵਾਲੀ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸਿਰਫ਼ ਜੱਟ ਸਿੱਖ,ਚੰਗੀ ਜੌਬ ਜਾਂ ਬਿਜਨਿਸ ਵਾਲੇ ਹੀ ਸੰਪਰਕ ਕਰਨ ।ਮਾਲਵਾ ਏਰੀਆ ਜਾਂ ਅਲਬਰਟਾ, ਬ੍ਰਿਟਿਸ ਕੋਲੰਬੀਆ ਨੂੰ ਪਹਿਲ । ਸੰਪਰਕ:1587 938 2611 ਜਾਂ ਈ ਮੇਲ: hs424948@gmail.com ***266***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਵੈਜੀਟੇਰੀਅਨ ਲੜਕੇ ਜਨਮ 1989,ਕੱਦ 5 ਫੁੱਟ 10 ਇੰਚ,ਵਿੱਦਿਅਕ ਯੋਗਤਾ +2 ਲਈ ਹਾਣ ਪ੍ਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1 780 318 4367 ਜਾਂ 1 780 803 4234 ***269***

### ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ ਲੜਕਾ ਉਮਰ 28 ਸਾਲ ਫ਼ਾਰਮਿੰਗ ਵਰਕ ਪਰਮਿਟ ਤੇ ਕਨੇਡਾ ਰਹਿੰਦੇ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਲੜਕੀ ਦੀ ਜ਼ਰੂਰਤ ਹੈ । ਲੜਕੇ ਦੀਆਂ ਦੋ ਸਕੀਆਂ ਭੈਣਾਂ ਕਨੇਡਾ ਪੀ ਆਰ ਹਨ । ਮਾਲਵੇ ਨੂੰ ਪਹਿਲ ਸੰਪਰਕ ਨੰਬਰ : 1 604 360 9500 ***269***RG***RP

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਲੜਕੀ, ਉਮਰ 30 ਸਾਲ, ਕੱਦ 5 ਫੁੱਟ 6 ਇੰਚ, ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ, ਲੜਕੇ ਦੇ ਰਿਸਤੇ ਦੀ ਲੋੜ ਹੈ। ਕੈਲਗਰੀ, ਐਡਮਿੰਟਨ ਰਹਿੰਦੇ ਮਾਲਵਾ ਇਲਾਕੇ ਨਾਲ ਸਬੰਦਿਤ ਰਿਸ਼ਤੇ ਨੂੰ ਪਹਿਲ । ਸੰਪਰਕ: 1 780 772 4400 ***269***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 33 ਸਾਲ ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਆਪਣਾ ਘਰ ਹੈ । ਸੰਪਰਕ: 403 479 5585 ਜਾਂ 403 991 5841, ਈ ਮੇਲ: ramanpreetbrar000@gmail.com ***269***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਪਰਜਾਪਤ,ਤਲਾਕਸੁਦਾ,ਉਮਰ 40 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: ਬੀਟੈੱਕ, ਕਨੇਡਾ ਦੀ ਐਮਾਜੋਨ ਕੰਪਨੀ ਵਿੱਚ ਅਸਿੱਸਟੈਂਟ ਮੈਨੇਜਰ ਦੀ ਜੌਬ ਕਰਦੇ ਲੜਕੇ ਲਈ ਬਰਾਬਰ ਯੋਗਤਾ ਰੱਖਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਸੰਪਰਕ: 1 587 832 1260 ਜਾਂ 1 780 915 3429 ***269***

### ਲੜਕੀ ਦੀ ਲੋੜ

Calgary based Ravidasia family seeks a suitable match for their son, 1995 born, Canadian citizen, 5'-8", Engineer by profession. Seeking a family oriented & highly qualified match. Please contact with a recent photo to: LCKALER@GMAIL.COM Serious inquiries only. Caste no Bar. Preference given to Alberta and Doaba.***269***

### ਲੜਕੇ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਈ ਰਾਮਗੜ੍ਹੀਆ ਪਰਿਵਾਰ ਦੀ ਅਣਮੈਰਿਡ ਲੜਕੀ ਉਮਰ 38 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : ਪੋਸਟ ਗ੍ਰੈਜੂਏਟ ਪ੍ਰੋਫੇਸ਼ਨਲ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਕਰੋ : 403 680 1126 ***268***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ ਦਸੰਬਰ 1991,ਪੋਸਟ ਗਰੈਜੂਏਟ (ਇੰਡੀਆ)ਐਜੂਕੇਸ਼ਨਲ ਅਸਿਸਟੈਂਟ (ਕਨੇਡਾ) ਲਈ ਕਨੇਡੀਅਨ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਬਠਿੰਡਾ ਮੁਕਤਸਰ ਇਲਾਕੇ ਨੂੰ ਪਹਿਲ। ਆਪਣਾ ਬਾਇਓਡਾਟਾ 1 639 916 1637 ਉੱਪਰ ਭੇਜੋ ***268***

### ਲੜਕੇ ਦੀ ਲੋੜ

Sikh family seeking a suitable match for their beautiful and tall Canadian-citizen daughter, 31 years old, height 5'103 . She is family oriented & well-educated, holds associate degree in Healthcare Information Management and working as Project Manager in healthcare industry. We are looking for someone who is tall, handsome & Canadian citizen that lives in Calgary or surrounding areas, is well-educated with a professional career, if interested, please contact 587-707-3440 (Serious inquiries only) ***266***

### ਲੜਕੀ ਦੀ ਲੋੜ

Canadian Citizen, Jat Sikh family handsome boy born 1990, height 5 feet 11 inches, well educated in Canada and doing business Canada, looking girl with family values is required. 403 437 1117, 825 735 2251***268***

### ਲੜਕੀ ਦੀ ਲੋੜ

ਕੈਨੇਡੀਅਨ ਸਿਟੀਜਨ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ, ਉਮਰ 31 ਕੱਦ 5 ਫੁੱਟ 8 ਇੰਚ, ਇਲੈਕਟ੍ਰਾਨਿਕਸ ਇੰਜਨੀਅਰਿੰਗ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਅਲਬਰਟਾ ਸੂਬੇ ਵਿੱਚ ਰਹਿੰਦਾ ਹੈ।ਮਾਲਵਾ ਇਲਾਕੇ ਨੂੰ ਪਹਿਲ। ਸੰਪਰਕ - 587 578 6700 ਜਾਂ 587 378 6700 ***266***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਸਿੱਖ ਕਸ਼ਪ ਰਾਜਪੂਤ, 34 ਸਾਲ, 5 ਫੁੱਟ 2 ਇੰਚ, ਤਲਾਕਸ਼ੁਦਾ(ਨੋ ਕਿਡ), ਬੀ ਫਾਰਮੇਸੀ (ਇੰਡੀਆ), ਪੋਸਟ ਗ੍ਰੈਜੂਏਟ ਡਿਪਲੋਮਾ ਹੋਲਡਰ (ਕਨੇਡਾ) ਲਈ ਕੈਲਗਰੀ ਜਾਂ ਨੇੜੇ ਰਹਿੰਦੇ ਹਾਣ ਪ੍ਰਵਾਣ, ਨਸ਼ਾ ਰਹਿਤ, ਨਾਨ ਸਮੋਕਰ ਲੜਕੇ ਦੀ ਰਿਸ਼ਤੇ ਲਈ ਲੋੜ ਹੈ। (ਨੋ ਕਾਸਟ ਬਾਰ) ਸਾਰਾ ਪ੍ਰੀਵਾਰ ਕਨੇਡਾ ਵਿੱਚ ਹੈ। ਬਾਇ- ਡਾਟਾ ਸਮੇਤ ਤਾਜ਼ਾ ਫੋਟੋ ਵਟਸਐਪ ਨੰਬਰ +919417121464 ਤੇ ਭੇਜੋ। ***266***

### ਲੜਕੇ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉੱਪਰ ਜੱਟ ਸਿੱਖ ਸੇਖੋਂ ਪਰਿਵਾਰ ਦੀ ਤਲਾਕਸ਼ੁਦਾ (ਬਿਨਾ ਬੱਚੇ) ਲੜਕੀ,ਉਮਰ 35 ਸਾਲ,ਕੱਦ 5 ਫੁੱਟ 3 ਇੰਚ,ਮਾਸਟਰ ਡਿਗਰੀ (ਇੰਡੀਆ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 780 725 2697 ***266***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਸਿਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch /30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

### ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।

ਸੰਪਰਕ 1 780 300 2000 (ਵਟਸਐਪ): 9583592000

## Name Change

I, SANDEEP KAUR KALER, Daughter of BALDEV SINGH, holder of Indian passport No. N5033834, issued at JALANDHAR, on 04/12/20215, permanent resident of H NO: 378, BEDI NAGAR, MOGA, PIN: 142001, PUNJAB, INDIA presently residing, 23 TEMPLEBY CLOSE NE CALGARY (AB) T1Y5M8 CANADA. Do hereby change My name from SANDEEP KAUR KALER to SANDEEP KAUR NATT with immediate effect.

Date: 18/04/2025 Phone: 1 778 978 5003

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

Email: punjabiakhbaar@gmail.com

403 640 2000

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ

ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ

ਕਾਲ ਕਰੋ:
1 250 319 7263

# ਕੈਨੇਡਾ ਨੂੰ ਅਮਰੀਕਾ ਦਾ ਪਿੱਠੂ ਬਣਨ ਤੋਂ ਵਰਜਦੇ ਹੋਏ, ਸੁਰਿੰਦਰਜੀਤ ਪਲਾਹਾ ਨੇ ਆਪਣੇ ਵਿਚਾਰ ਰੱਖੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਨੇ 14 ਅਪ੍ਰੈਲ ਨੂੰ ਵੀਵੋ ਦੇ ਹਾਲ ਵਿੱਚ ਭਰਵੀਂ ਮੀਟਿੰਗ ਕਰ ਕੇ ਵਿਸਾਖੀ ਮਨਾਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਕਾਰਵਾਈ ਸ਼ੁਰੂ ਕਰਦਿਆਂ ਵਿਸਾਖੀ ਦਿਵਸ ਦੇ ਕਈ ਪਹਿਲੂਆਂ ਜਿਵੇਂ ਹਾੜ੍ਹੀ ਦੀ ਫਸਲ ਵੱਢਣ ਦਾ ਸਮਾਂ ਅਤੇ ਖਾਲਸੇ ਦੀ ਸਾਜਨਾ 'ਤੇ ਸੰਖੇਪ ਝਾਤ ਪੁਆਈ। ਇਸ ਦੇ ਨਾਲ਼ ਹੀ 14 ਅਪ੍ਰੈਲ ਨੂੰ ਡਾ: ਭੀਮ ਰਾਉ ਅੰਬੇਦਕਰ ਦੇ ਜਨਮ ਦਿਨ ਮੌਕੇ ਉਨ੍ਹਾਂ ਦੀ ਸੰਵਿਧਾਨ ਦੇ ਰੂਪ ਵਿਚ ਵਡਮੁੱਲੀ ਦੇਣ ਨੂੰ ਯਾਦ ਕੀਤਾ। ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪ੍ਰਸਿੱਧ ਪੰਜਾਬੀ ਸਾਹਿਤਕਾਰ ਕੇਸਰ ਸਿੰਘ ਨੀਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਇਸ ਸਮੇਂ ਦੁਨੀਆਂ ਅੰਦਰ ਸਭ ਤੋਂ ਵੱਧ ਭਖਦੇ ਮਸਲੇ 'ਟਰੰਪ-ਟੈਰਿਫ' 'ਤੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਅਮੀਰਾਂ ਦੇ ਅਖੌਤੀ ਸਰਦਾਰ ਅਮਰੀਕਾ ਉਪਰ ਸਾਰੇ ਮੁਲਕਾਂ ਤੋਂ ਵੱਧ ਕਰਜ਼ਾ ਹੈ। ਉਨ੍ਹਾਂ ਨੇ ਲੋਕਤੰਤਰ ਦੇ ਅਖੌਤੀ ਪਹਿਰੇਦਾਰ ਅਮਰੀਕਾ ਦੇ ਲੋਕਾਂ ਦੁਆਰਾ ਡੋਨਾਲਡ ਟਰੰਪ ਜਿਹੇ ਅਵੈੜੇ ਵਿਅਕਤੀ ਨੂੰ ਰਾਸ਼ਟਰਪਤੀ ਚੁਣਨ ਲਈ ਉਨ੍ਹਾਂ ਦੀ ਸਿਆਣਪ ਉਪਰ ਸਵਾਲ ਖੜ੍ਹੇ ਕੀਤੇ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਕੈਨੇਡਾ ਨੂੰ



ਅਮਰੀਕਾ ਦਾ ਪਿੱਠੂ ਬਨਣ ਦੀ ਬਜਾਇ ਭਾਰਤ ਵਰਗੇ ਦੇਸ਼ਾਂ ਨਾਲ਼ ਸੰਬੰਧ ਸੁਧਾਰਨੇ ਚਾਹੀਦੇ ਹਨ। ਉਨ੍ਹਾਂ ਨੇ ਆ ਰਹੀਆਂ ਫੈਡਰਲ ਚੋਣਾਂ ਸਮੇਂ ਬਗੈਰ ਕਿਸੇ ਬਾਹਰੀ ਅਸਰ ਤੋਂ ਸੋਚ-ਸਮਝ ਕੇ ਕਾਬਲ ਉਮੀਦਵਾਰਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ। ਹਰਿੰਦਰ ਕੌਰ ਮੁੰਡੀ ਦਾ ਵਿਚਾਰ ਸੀ ਕਿ ਖਾਲਸਾ ਸਾਜਨਾ ਸਮੇਂ ਜਾਤ-ਪਾਤ ਅਤੇ ਊਚ-ਨੀਚ ਦਾ ਭੇਦ ਮਿਟਾਇਆ ਗਿਆ। ਨਾਲ਼ ਹੀ ਉਸ ਨੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ। ਭੀਮ ਰਾ? ਅੰਬੇਦਕਰ ਨੂੰ ਸ਼ਰਧਾ-ਸੁਮਨ ਭੇਟ ਕਰਦਿਆਂ ਕਿਹਾ ਕਿ ਉਸ ਨੇ ਦੱਬੇ- ਕੁਚਲੇ ਅਤੇ ਅਣਗੌਲ਼ੇ ਲੋਕਾਂ ਨੂੰ ਵੋਟ ਦਾ ਬਰਾਬਰ ਅਧਿਕਾਰ ਦੇ ਕੇ ਮਹਾਨ ਕੰਮ ਕੀਤਾ। ਸੁਰਿੰਦਰ ਢਿੱਲੋਂ ਨੇ ਦਰਸ਼ਕਾਂ ਨੂੰ ਹਸਾ ਕੇ ਹਾਜ਼ਰੀ ਲਵਾਈ। ਜੋਗਾ ਸਿੰਘ ਲੈਹਲ ਨੇ ਗੋਡਾ ਬਦਲਣ ਦੇ ਰੁਝਾਨ ਨਾਲ਼ ਸੰਬੰਧਤ ਚੁਟਕਲੇ ਸੁਣਾ ਕੇ ਹਾਸ-ਰਸ ਦਾ ਮਾਹੌਲ ਕਾਇਮ ਰੱਖਿਆ ਜਦੋਂ ਕਿ ਤਰਲੋਕ ਚੁੱਘ ਨੇ ਚੋਣਾਂ ਬਾਰੇ ਵਿਅੰਗ ਕਸਦਿਆਂ ਚੁੱਟਕਲਿਆਂ ਦੀ ਝੜੀ ਲਾ ਦਿੱਤੀ। ਹੈਰੀ ਸੇਖੋਂ ਨੇ ਗੁੱਸੇ 'ਤੇ ਕਾਬੂ ਪਾਉਣ ਲਈ ਅਹਿਮ ਨੁਸਖੇ ਸੁਝਾਏ ਜਿਵੇਂ ਮਾੜੀ ਭਾਸ਼ਾ ਨਾ ਵਰਤਣਾ, ਆਪਣੇ ਵਿਚਾਰ ਨਾ ਠੋਸਣਾ, ਜ਼ਬਰਦਸਤੀ ਨਾ ਕਰਨਾ ਆਦਿ।

ਸ਼ਮਿੰਦਰ ਸਿੰਘ ਅਤੇ ਸੁਰਜੀਤ ਕੌਰ ਕੰਮੋਹ ਦੀ ਜੋੜੀ ਨੇ ' ਅੱਜ ਸਾਰੇ ਛੱਡ ਜੰਜਾਲ ਕੁੜੇ, ਮੇਲੇ ਨੂੰ ਚੱਲ ਮੇਰੇ ਨਾਲ਼ ਕੁੜੇ' ਪੂਰੀ ਮਸਤੀ ਨਾਲ਼ ਗਾ ਕੇ ਮੇਲੇ ਦਾ ਮਾਹੌਲ ਸਿਰਜਿਆ। ਸੁਖਮੰਦਰ ਗਿੱਲ ਨੇ ਹਾਰਮੋਨੀਅਮ ਦੀਆਂ ਸੁਰਾਂ 'ਤੇ ਇਹ ਗੀਤ "ਸੱਚੇ ਆਸ਼ਕ ਮੁਨਾਫ਼ਾ ਕਦੇ ਖਟਦੇ ਨੀਂ ਹੁੰਦੇ" ਪੇਸ਼ ਕਰ ਕੇ ਦਰਸ਼ਕਾਂ ਨੂੰ ਵਿਚਾਰ-ਮਗਨ ਕਰ ਦਿੱਤਾ। ਗੁਰਜੀਤ ਕੌਰ ਬਾਵੇਜਾ ਨੇ ਕੰਨਾਂ ਦੀ ਆਤਮ-ਕਥਾ ਮਿਹਣੇ ਭਰੇ ਮਖੌਲੀਆ ਅੰਦਾਜ਼ ਵਿੱਚ ਪੇਸ਼ ਕੀਤੀ। ਵਿਚਾਰੇ ਕੰਨਾਂ ਨੂੰ ਮੰਦਾ-ਚੰਗਾ ਸਭ ਸੁਨਣਾ ਪੈਂਦਾ ਹੈ, ਅੱਖਾਂ ਦੀਆਂ ਐਨਕਾਂ ਦਾ ਭਾਰ ਸਹਿਣਾ ਪੈਂਦਾ ਹੈ, ਅਧਿਆਪਕ ਦੀਆਂ ਚਪੇੜਾਂ ਵੀ ਇੱਥੇ ਹੀ ਵਜਦੀਆਂ ਨੇ, ਆਦਿ। ਨਾਲ਼ ਹੀ ਗੁਰਦਿਆਲ ਸਿੰਘ ਖਹਿਰਾ ਨੇ ਪੇਟ ਦੇ ਵਿਰੁੱਧ ਅੰਗਾਂ ਦੀ ਬਗ਼ਾਵਤ ਵਾਲ਼ੀ ਕਹਾਣੀ ਸੁਣਾ ਦਿੱਤੀ। ਪ੍ਰਮਿੰਦਰ ਗਰੇਵਾਲ਼ ਨੇ ਮਲੇਸ਼ੀਆ ਦੌਰੇ ਸਮੇਂ ਹੋਏ ਅਨੁਭਵ ਸਾਂਝੇ ਕਰਦਿਆਂ ਉੱਥੋਂ ਬਾਰੇ ਕਈ ਤਰ੍ਹਾਂ ਦੀ ਜਾਣਕਾਰੀ ਦਿੱਤੀ।

ਫੈਡਰਲ ਚੋਣਾਂ ਦੇ ਉਮੀਦਵਾਰ ਅਮਨਪ੍ਰੀਤ ਸਿੰਘ ਗਿੱਲ, ਰਾਜੇਸ਼ ਅੰਗਰਾਲ਼, ਡਾ: ਜੈਗ ਅਨੰਦ ਅਤੇ ਹਫ਼ੀਜ਼ ਮਲਿਕ ਨੇ ਆਪਣੇ ਚੋਣ-ਮਨੋਰਥਾਂ ਬਾਰੇ ਜਾਣਕਾਰੀ ਦੇ ਕੇ ਵੋਟਾਂ ਮੰਗੀਆਂ। ਮੀਟਿੰਗ ਦੇ ਸ਼ੁਰੂ ਵਿੱਚ ਸੁਖਵਿੰਦਰ ਕੌਰ (ਸੁੱਖੀ ਕੁੰਡੂ) ਦੇ ਪਰੋਸੇ ਪਕੌੜੇ, ਜਸਵੀਰ ਕੌਰ ਧਾਲੀਵਾਲ਼ ਦੀਆਂ ਜਲੇਬੀਆਂ ਅਤੇ ਅਖੀਰ ਵਿੱਚ ਵਰਤਾਏ ਪੌਸ਼ਟਿਕ ਭੋਜਨ ਦਾ ਸਵਾਦ ਵਿਸਾਖੀ ਦਿਵਸ ਦਾ ਸਿਖਰ ਹੋ ਨਿਬੜਿਆ।






ਕੈਲੇਫੋਰਨੀਆ (ਅਮਰੀਕਾ) ਦੇ ਸ਼ਹਿਰ ਫਰਿਜ਼ਨੋ ਵਿੱਚ ਪੁਸਤਕ "ਲੱਭ ਜਾਣਗੇ ਲਾਲ ਗੁਆਚੇ" ਨੂੰ ਲੋਕ-ਅਰਪਣ ਕਰਨ ਮੌਕੇ

# "ਲੱਭ ਜਾਣਗੇ ਲਾਲ ਗੁਆਚੇ"

ਦੁਨੀਆਂ ਭਰ ਅੰਦਰ ਵਸਦੇ ਪੰਜਾਬੀ ਸੰਗੀਤ ਪ੍ਰੇਮੀਆਂ ਨੇ ਬਾਂਸਲ ਦੀ ਵੰਝਲੀ ਕਾਲਮ ਰਾਹੀ ਅਤੇ ਮਿੱਟੀ ਨੂੰ ਫਰੋਲ ਜੋਗੀਆ ਕਿਤਾਬ ਰਾਹੀਂ ਬਹੁਤ ਵੱਡਾ ਹੁੰਗਾਰਾ ਦਿੱਤਾ,ਇਹੀ ਕਾਰਣ ਹੈ ਕਿ ਜਦੋਂ ਲਿਖਣ ਵਾਲੀ ਕਲਮ ਨੂੰ ਹੌਸਲਾ ਮਿਲ ਜਾਵੇ ਤਾਂ ਉਹ ਲਗਾਤਾਰ ਲਿਖਦੀ ਰਹਿੰਦੀ ਹੈ। ਮਿੱਟੀ ਨੂੰ ਫਰੋਲ ਜੋਗੀਆਂ ਤੋਂ ਬਾਦ "ਲੱਭ ਜਾਣਗੇ ਲਾਲ ਗੁਆਚੇ" ਮਿਸ਼ਨ ਨੂੰ ਲੈਕੇ ਅਸੋਕ ਬਾਂਸਲ ਦੀ ਕਲਮ ਅਤੇ ਉਸਦਾ ਸਿਰੜ ਲਗਾਤਾਰ ਜਾਰੀ ਰਿਹਾ,ਜਿਸ ਦੇ ਨਤੀਜੇ ਵੱਜੋਂ ਉਹਨਾਂ ਦੀ ਅਗਲੀ ਕਿਤਾਬ ਵੀ ਛਪਕੇ ਆ ਗਈ ਹੈ। ਪੰਜਾਬੀ ਅਖ਼ਬਾਰ ਇਹਨਾਂ ਪੰਨਿਆਂ ਉੱਪਰ ਹੁਣ "ਲੱਭ ਜਾਣਗੇ ਲਾਲ ਗੁਆਚੇ" ਨੂੰ ਲਗਾਤਾਰ ਛਾਪਣ ਦਾ ਸਿਲਸਿਲਾ ਵੀ 25 ਅਪ੍ਰੈਲ 2025 ਦੇ ਅੰਕ ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਕਿਤਾਬ ਦੀ ਅਸ਼ੋਕ ਬਾਂਸਲ ਵੱਲੋਂ ਲਿਖੀ ਆਦਿਕਾ ਅਸੀਂ ਇਸ ਅੰਕ ਵਿੱਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਬਾਕੀ ਪੂਰੀ ਕਿਤਾਬ ਕਿਸਤ ਦਰ ਕਿਸਤ ਆਉਣ ਵਾਲੇ ਅੰਕਾਂ ਵਿੱਚ ਤੁਹਾਡੇ ਨਾਲ ਸਾਂਝ ਪਾਉਂਦੀ ਰਹੇਗੀ। ਜਿਹਨਾਂ ਪੰਜਾਬੀ ਗੀਤਕਾਰੀ ਦੇ ਸ਼ੌਕੀਨਾ ਨੂੰ ਉਹਨਾਂ ਦੀ ਨਵੀਂ ਕਿਤਾਬ ਪੜ੍ਹਨ ਅਤੇ ਆਪਣੀ ਲਾਇਬ੍ਰੇਰੀ ਦਾ ਸਿੰਗਾਰ ਬਣਾਉਣ ਦੀ ਚਾਹਤ ਹੈ ਉਹ ਆਪਣੀ ਕਿਤਾਬ ਸਾਡੇ ਕੋਲ ਬੁੱਕ ਕਰਵਾ ਦੇਣ ਤਾਂ ਕਿ ਉਹਨਾਂ ਦੀ ਕਾਪੀ ਰਾਖਵੀਂ ਰੱਖੀ ਜਾ ਸਕੇ। ਲੱਭ ਜਾਣਗੇ ਲਾਲ ਗੁਆਚੇ ਦੀ ਕਾਪੀ ਖਰੀਦਣ ਲਈ ਪੰਜਾਬੀ ਅਖ਼ਬਾਰ ਦੇ ਦਫਤਰ ਕੈਲਗਰੀ ਵਿਖੇ ਜਾਂ 403 640 2000 ਉੱਪਰ ਹਰਬੰਸ ਬੁੱਟਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਆਦਿਕਾ**

ਤੇਰਾਹ ਅਗਸਤ ਉਨੀ ਸੌ ਸੈਂਤਾਲੀਸ
ਯਹ ਆਲ ਇੱਡੀਆ ਰੇਡੀਓ ਲਾਹੌਰ ਹੈ
ਹਮਾਰੇ ਅਗਲੇ ਐਲਾਨ ਕਾ
ਇੱਤਜ਼ਾਰ ਕੀਜੀਏ

ਤੇਰਾਂ ਅਗਸਤ ਉਨੀ ਸੌ ਸੰਤਾਲੀ ਦੀ ਰਾਤ ਨੂੰ ਗਿਆਰਾਂ ਵਜੇ, ਆਲ ਇੰਡੀਆ ਰੇਡੀਓ ਲਾਹੌਰ ਤੋਂ, ਇਹ ਵਾਕ ਸੁਣ ਕੇ, ਰੇਡੀਓ ਸੁਣਨ ਵਾਲੇ ਲੋਕਾਂ ਦੇ ਦਿਲਾਂ ਦੀਆਂ ਧੜਕਣਾਂ ਤੇਜ ਹੋ ਗਈਆਂ।

ਇਸ ਵਾਕ ਤੋਂ ਬਾਅਦ ਇੱਕ ਹਲਕੀ ਜਿਹੀ ਸੰਗੀਤਕ ਧੁਨ ਵੱਜੀ, ਤੇ
ਵੱਜਦੀ ਰਹੀ। ਪੰਦਰਾਂ ਮਿੰਟਾਂ ਬਾਅਦ ਸਵਾ ਗਿਆਰਾਂ ਵਜੇ, ਮੁੜ ਇਹੋ ਵਾਕ ਦੁਹਰਾਇਆ ਗਿਆ ਤੇ ਫੇਰ ਉਹੀ ਸੰਗੀਤਕ ਧੁਨ ਚੱਲ ਪਈ। ਫੇਰ ਸਾਢੇ ਗਿਆਰਾਂ ਵਜੇ। ਉਸ ਤੋਂ ਬਾਅਦ ਪੌਣੇ ਬਾਰਾਂ ਵਜੇ, ਚੌਥੀ ਵਾਰ ਉਹੀ ਵਾਕ ਬੋਲਣ ਤੋਂ ਬਾਅਦ ਸੰਗੀਤ ਚਲਾ ਦਿੱਤਾ ਗਿਆ। ਬਾਰਾਂ ਵੱਜਣ ਤੋਂ ਕੁੱਝ ਮਿੰਟ ਪਹਿਲਾਂ ਸੰਗੀਤਕ ਧੁਨ ਖਾਮੋਸ਼ ਹੋ ਗਈ ਤੇ ਘੜਿਆਲ ਦੀ ਆਵਾਜ਼ ਆਈ ਟੱਕ ਟੱਕ, ਇਹ ਟੱਕ ਟੱਕ ਲਗਾਤਾਰ ਬਾਰਾਂ ਵਾਰ ਹੋਈ ਤੇ ਖਾਮੋਸ਼ੀ ਛਾ ਗਈ। ਕੁੱਝ ਸੈਕਿੰਡਾ ਦੀ ਖਾਮੋਸ਼ੀ ਤੋਂ ਬਾਅਦ ਰੇਡੀਓ ਅਨਾਊਂਸਰ ਮਜ਼ਹੂਰ ਅਜ਼ਹਰ ਦੀ ਆਵਾਜ਼ ਆਈ

*"We Are Now To Bring To You*
*Our Special Programe*
*The Dawn Of Indipendence"*

ਇਸਤੋਂ ਤੁਰੰਤ ਬਾਅਦ ਰੇਡੀਓ ਸਟੇਸ਼ਨ ਦੇ ਮਾਈਕ ਤੋਂ ਮਿਰਜ਼ਾ ਮੁਸਤਫ਼ਾ ਅਲੀ ਹਮਦਾਨੀ ਨੇ ਉਰਦੂ ਵਿੱਚ ਆਖਿਆ
ਅਸਲਾਮ-ਓ-ਲੇਕਮ
ਪਾਕਿਸਤਾਨ ਬ੍ਰਾਡਕਾਸਟਿੱਗ ਸਰਵਿਸਿਜ਼
ਹਮ ਲਾਹੌਰ ਸੇ ਬੋਲ ਰਹੇ ਹੈਂ
ਤੇਰਾਹ ਔਰ ਚੌਦਾਹ ਅਗਸਤ ਕੀ ਦਰਮਿਆਨ ਰਾਤ
ਬਾਰਾਂ ਬਜੇ ਹੈਂ
ਤਲੂ-ਏ-ਸੁਬਹ-ਏ-ਆਜ਼ਾਦੀ" Dawn ਦਾ ਮਤਲਬ ਐ ਸਵੇਰਾ ਆਜ਼ਾਦੀ ਦੇ ਵੀ ਇਹੋ ਹੀ ਅਰਥ ਹਨ।

ਪਰ ਪੰਜਾਬੀਆਂ ਲਈ ਇਹ ਆਜ਼ਾਦੀ ਦੀ ਸਵੇਰ ਦੇ ਜਸ਼ਨ ਨਹੀਂ ਸਨ। ਇਹ ਪੰਜਾਬ ਦੇ ਉਜਾੜੇ ਦੀ ਰਾਤ ਸੀ। ਪੰਜਾਬ ਦੀ ਤਕਦੀਰ ਦਾ ਫੈਸਲਾ




ਇੱਕ ਅੰਗਰੇਜ਼ ਵਕੀਲ ਸਾਇਰਲ ਰੈੱਡਕਲਿਫ ਨੇ ਬੰਦ ਕਮਰੇ ਵਿੱਚ ਬੈਠ ਕੇ ਕਰ ਦਿੱਤਾ ਸੀ। ਉਹ ਗੋਰਾ ਅਫਸਰ ਜਿਸਨੂੰ ਪੰਜਾਬ ਦੀ ਭੂਗੋਲਿਕ ਸਥਿਤੀ ਦੀ ਉੱਕਾ ਹੀ ਜਾਣਕਾਰੀ ਨਹੀਂ ਸੀ। ਧਰਮਾਂ ਦੇ ਅਧਾਰ 'ਤੇ ਜਿਸਨੇ ਪੰਜਾਬ ਦੇ ਨਕਸ਼ੇ ਵਿੱਚ ਲਕੀਰ ਵਾਹ ਦਿੱਤੀ। ਇਹ ਲਕੀਰ ਪੰਜਾਬੀਅਤ ਦੇ ਲਹੂ ਨਾਲ ਵਾਹੀ ਗਈ ਸੀ। ਪੰਜਾਬ ਦੀ ਹਿੱਕ ਚੀਰ ਕੇ ਅੱਧਾ ਹਿੱਸਾ ਇੱਕ ਪਾਸੇ ਤੇ ਅੱਧਾ ਲਕੀਰ ਦੇ ਦੂਜੇ ਪਾਸੇ। ਇੱਕ ਸਰੀਰ ਨੂੰ ਚੀਰ ਕੇ ਦੋ ਟੁਕੜੇ ਕਰ ਦਿੱਤੇ ਗਏ। ਲਕੀਰ ਦੇ ਚੜ੍ਹਦੇ ਵਾਲਾ ਪਾਸਾ ਭਾਰਤੀ ਪੰਜਾਬ ਬਣਾ ਦਿੱਤਾ ਤੇ ਲਹਿੰਦੇ ਵਾਲਾ ਪਾਸਾ ਪਾਕਿਸਤਾਨੀ ਪੰਜਾਬ ਬਣਾ ਦਿੱਤਾ ਗਿਆ। ਪੰਜਾਬ ਦੇ ਸੀਨੇ ਅੰਦਰ ਧੜਕਦਾ ਦਿਲ, ਭਾਵ ਸ਼ਹਿਰ ਲਾਹੌਰ ਪਾਕਿਸਤਾਨ ਦਾ ਹਿੱਸਾ ਬਣ ਗਿਆ, ਤੇ ਉਹਦੇ ਬਿਲਕੁਲ ਨਾਲ ਲੱਗਦਾ ਸ਼ਹਿਰ ਗੁਰੂ ਕੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ, ਭਾਰਤ ਦਾ ਹਿੱਸਾ ਹੋ ਗਿਆ। ਜ਼ੁਲਮ ਸਾਈਂ ਦਾ ਇਹ ਐਲਾਨ ਵੀ ਅੱਧੀ ਰਾਤ ਨੂੰ ਪੰਜਾਬ ਦਾ ਦਿਲ ਕਹੇ ਜਾਂਦੇ ਸ਼ਹਿਰ ਲਾਹੌਰ ਤੋਂ ਕੀਤਾ ਗਿਆ। ਪੰਜਾਬ ਦੀ ਰਾਜਧਾਨੀ ਲਾਹੌਰ, ਪੰਜਾਬ ਦਾ ਵਿਉਪਾਰਕ ਤੇ ਸਨਅਤੀ ਕੇਂਦਰ ਲਾਹੌਰ। ਸਿੱਖ ਰਾਜ ਦੀ ਰਾਜਧਾਨੀ ਲਾਹੌਰ, ਪੰਜਾਬ ਦਾ ਇੱਕੋ ਇੱਕ ਉੱਚ ਵਿੱਦਿਅਕ ਅਦਾਰਾ ਪੰਜਾਬ ਯੂਨੀਵਰਸਿਟੀ ਲਾਹੌਰ, ਪੰਜਾਬ ਦਾ ਇੱਕੋ ਇੱਕ ਰੇਡੀਓ ਸਟੇਸ਼ਨ ਲਾਹੌਰ, ਹਜ਼ਾਰਾਂ ਸਾਲਾਂ ਤੋਂ ਪੰਜਾਬੀ ਸੱਭਿਆਚਾਰ ਦਾ ਧੁਰਾ ਲਾਹੌਰ, ਪੰਜਾਬੀ ਫ਼ਿਲਮਾਂ ਦਾ ਨਿਰਮਾਣ ਕੇਂਦਰ ਲਾਹੌਰ।

ਵੱਡੇ ਗਏ ਲੋਕ, ਬਣ ਗਈਆਂ ਸੀ ਰਿਆਸਤਾਂ
ਮਨਾਂ ਵਿੱਚ ਕੱਧ ਪਾ ਕੇ ਬਹਿ ਗਈਆਂ ਸਿਆਸਤਾਂ
ਬੁੱਢੀਆਂ ਅੱਖਾਂ ਨੂੰ ਸਾਂਝਾਂ ਦੌਰ ਨਹੀਂ ਸੀ ਭੁੱਲਿਆ।
ਕਦੇ ਮੇਰੇ ਬਾਬੇ ਨੂੰ ਲਾਹੌਰ ਨਹੀਂ ਸੀ ਭੁੱਲਿਆ
ਤੋੜ ਕੇ ਵਿਚਾਲਿਓਂ ਮੁਹੱਬਤਾਂ ਦੀ ਬਾਤ ਨੂੰ
ਧੁੱਸ ਦੇ ਕੇ ਆ ਵੜੀ ਆਜ਼ਾਦੀ ਅੱਧੀ ਰਾਤ ਨੂੰ
ਜਬਰੀ ਉਜਾੜੇ ਦਾ ਓਹ ਦੌਰ ਨਹੀਂ ਸੀ ਭੁੱਲਿਆ
ਕਦੇ ਮੇਰੇ ਬਾਬੇ ਨੂੰ ਲਾਹੌਰ ਨਹੀਂ ਸੀ ਭੁੱਲਿਆ।
(ਜਗਵਿੱਦਰ ਜੋਧਾ)

ਫ਼ਿਲਮਾਂ ਨਾਲ ਮੈਨੂੰ ਕੋਈ ਖਾਸ ਲਗਾਓ ਨਹੀਂ ਰਿਹਾ ਪਰ ਪੰਜਾਬੀ ਗੀਤ ਸੰਗੀਤ ਅਤੇ ਸਾਹਿਤ ਨਾਲ ਮੇਰਾ ਮੁੱਢ ਤੋਂ ਹੀ ਬਹੁਤ ਲਗਾਓ ਰਿਹਾ ਹੈ। ਗੀਤ ਸੰਗੀਤ ਚਾਹੇ ਫਿਲਮੀ ਹੋਵੇ ਜਾਂ ਗੈਰ ਫਿਲਮੀਂ, ਭਾਰਤੀ ਹੋਵੇ ਜਾਂ ਪਾਕਿਸਤਾਨੀ ਮੇਰੀ ਰੂਹ ਵਿੱਚ ਵਸਦਾ ਹੈ। ਪੰਜਾਬੀ ਗੀਤ ਹਮੇਸ਼ਾ ਮੇਰੀ ਰੂਹ ਨੂੰ ਕੰਬਣੀ ਛੇੜਦੇ ਹਨ। ਵੰਡ ਨੇ ਲੋਕ ਅਤੇ ਖਿੱਤੇ ਤਾਂ ਅੱਡੋ ਅੱਡ ਕਰ ਹੀ ਦਿੱਤੇ, ਪੰਜਾਬ ਦੇ ਗੀਤ, ਗੀਤਕਾਰ, ਸੰਗੀਤਕਾਰ ਅਤੇ ਗਾਇੱਕ ਵੀ ਵੰਡ ਦਿੱਤੇ। ਰੂਹਾਂ ਦੀ ਬਾਤ ਪਾਉਂਦੇ ਗੀਤ, ਜਿਵੇਂ ਸਾਂਝੀ ਰਹਿਤਲ ਤੋਂ ਵਿਛੜ ਗਏ, ਨਿਆਸਰੇ ਤੇ ਨਿਥਾਵੇਂ ਹੋ ਗਏ। ਇਸ ਉਜਾੜੇ ਕਾਰਨ ਗੁਰਦੇਵ ਸਿੰਘ ਮਾਨ, ਲਾਲ ਚੰਦ ਯਮਲਾ ਜੱਟ, ਵਰਮਾ ਮਲਿਕ, ਇੰਦਰਜੀਤ ਤੁਲਸੀ ਅਤੇ ਬਲਰਾਜ ਸਾਹਨੀ ਜਿਹੇ ਕਲਾਕਾਰਾਂ ਨੂੰ, ਲੀਕ ਦੇ ਉਸ ਪਾਸਿਓਂ ਉੱਜੜ ਕੇ ਐਸ ਪਾਸੇ ਆਉਣਾ ਪਿਆ, ਤੇ ਅਹਿਮਦ ਰਾਹੀ, ਮਨਜ਼ੂਰ ਹੁਸੈਨ, ਵਾਰਿਸ ਲੁਧਿਆਣਵੀ, ਮੁਹੰਮਦ ਤੁਫੈਲ ਵਰਗੇ ਫ਼ਨਕਾਰਾਂ ਨੂੰ ਖਾਲੀ ਹੱਥ ਲੀਕ ਦੇ ਇਸ ਪਾਸਿਓਂ ਦੂਜੇ ਪਾਸੇ ਜਾਣਾ ਪਿਆ। ਉਜਾੜੇ ਤੋਂ ਪਹਿਲਾਂ ਕਲਕੱਤਾ, ਬੰਬਈ ਮਦਰਾਸ ਤੋਂ ਬਾਅਦ ਉੱਤਰੀ ਭਾਰਤ ਵਿੱਚ ਲਾਹੌਰ ਹੀ ਇੱਕੋ ਇੱਕ ਫਿਲਮ ਨਿਰਮਾਣ ਕੇਂਦਰ ਸੀ। ਜਿੱਥੇ ਪੰਜਾਬੀ ਫ਼ਿਲਮਾਂ ਦਾ ਨਿਰਮਾਣ ਜੋਰ ਸ਼ੋਰ ਨਾਲ ਹੁੰਦਾ ਸੀ। ਉਜਾੜੇ ਕਾਰਨ ਲਾਹੌਰ ਦਾ ਫਿਲਮ ਉਦਯੋਗ ਵੀ ਡਾਂਵਾਡੋਲ ਹੋ ਗਿਆ। ਜਿਵੇਂ ਹਰ ਔੜ ਤੋਂ ਬਾਅਦ ਬੀਜ ਨਵੀਂ ਵੱਤਰ ਲੱਭ ਲੈਂਦੇ ਹਨ। ਲਾਹੌਰ ਦੀ ਪੰਜਾਬੀ ਫਿਲਮ ਇੰਡਸਟਰੀ ਤੇ ਸੰਗੀਤ ਵੀ ਹੌਲੀ ਹੌਲੀ ਪੈਰਾਂ ਭਾਰ ਹੋਣ ਲੱਗਾ। ਇਸ ਦਾ ਕਾਰਨ ਇਹ ਸੀ ਕਿ ਫਿਲਮ ਨਿਰਮਾਣ ਨਾਲ ਸੰਬੰਧਿਤ ਜਿਹੜੇ ਹਿੰਦੂ ਅਤੇ ਸਿੱਖ ਪਿਛੋਕੜ ਦੇ ਲੋਕ, ਜੋ ਲਾਹੌਰ ਵਿਚ ਸਿਰਫ ਪੰਜਾਬੀ ਲਈ ਹੀ ਕੰਮ ਕਰਦੇ ਸਨ, ਜਦੋਂ ਲਾਹੌਰ ਤੋਂ ਉੱਜੜ ਕੇ ਬੰਬਈ ਗਏ, ਤਾਂ ਉਹਨਾਂ ਲਈ ਪੰਜਾਬੀ ਦੇ ਮੁਕਾਬਲੇ, ਹਿੰਦੀ ਫ਼ਿਲਮਾਂ ਦਾ ਦਾਇਰਾ, ਕਿਤੇ ਵਿਸ਼ਾਲ ਹੋ ਗਿਆ ਅਤੇ ਨਵਾਂ ਵੀ। ਦੂਜੇ ਪਾਸੇ ਬੰਬਈ ਅਤੇ ਕਲੱਕਤਾ ਦੀ ਫਿਲਮ ਸਨਅਤ ਛੱਡ ਕੇ ਵੰਡ ਦੇ ਧੱਕੇ ਜਿਹੜੇ ਮੁਸਲਮਾਨ ਕਲਾਕਾਰ ਲਾਹੌਰ ਪੁੱਜੇ, ਉਹਨਾਂ ਨੇ ਆਪਣੀ ਸਾਰੀ ਸਮਰੱਥਾ ਅਤੇ ਅਨੁਭਵ ਲਾਹੌਰ ਵਿੱਚ ਉਸਰ ਰਹੀ ਪੰਜਾਬੀ ਫਿਲਮ ਇੰਡਸਟਰੀ ਦੀ ਝੋਲੀ ਪਾ ਦਿੱਤੇ। ਇਸ ਨਾਲ ਪੰਜਾਬੀ ਫਿਲਮ ਇੰਡਸਟਰੀ ਨੂੰ ਉਜਾੜੇ ਦੇ ਦੁਖਾਂਤ ਤੋਂ ਫੌਰਨ ਬਾਅਦ, ਪੱਕੇ ਪੈਰੀਂ ਹੋਣ ਦਾ ਰਾਹ ਲੱਭ ਗਿਆ। ਇਹੋ ਕਾਰਨ ਹੈ ਕਿ ਪਾਕਿਸਤਾਨ ਵਿੱਚ ਉਨੀ ਸੌ ਸੰਤਾਲੀ ਤੋਂ ਲੈਕੇ ਉੱਨੀ ਸੌ ਸੱਤਰ ਤੱਕ, ਤੇਈ ਵਰ੍ਹਿਆਂ ਵਿੱਚ 223 ਪੰਜਾਬੀ ਫ਼ਿਲਮਾਂ ਬਣੀਆਂ। ਜਦੋਂ ਕਿ ਇਸ ਦੇ ਉਲਟ ਇਸੇ ਸਮੇਂ ਦੌਰਾਨ ਭਾਰਤ ਵਿੱਚ ਅਸੀਂ ਸਿਰਫ 68 ਪੰਜਾਬੀ ਫ਼ਿਲਮਾਂ ਦਾ ਹੀ ਨਿਰਮਾਣ ਕਰ ਸਕੇ।ਇਸੇ ਵਜਾਹ ਕਰਕੇ ਹੀ ਪਾਕਿਸਤਾਨ ਵਿੱਚ ਬਹੁਤੇ ਪੰਜਾਬੀ ਫਿਲਮੀ ਗੀਤ
ਰਿਕਾਰਡ ਹੋਏ। ਪਾਕਿਸਤਾਨ ਦੇ ਮੁਕਾਬਲੇ, ਭਾਰਤ ਵਿੱਚ ਬਹੁਤ ਘੱਟ। ਇਸਦੇ ਉਲਟ ਭਾਰਤ ਵਿੱਚ, ਇਸ ਸਮੇਂ ਦੌਰਾਨ ਬਹੁਤ ਗੈਰ ਫਿਲਮੀ ਪੰਜਾਬੀ ਗੀਤ ਰਿਕਾਰਡ ਹੋਏ, ਤੇ ਪਾਕਿਸਤਾਨ ਵਿਚ ਗੈਰ ਫਿਲਮੀ ਪੰਜਾਬੀ ਗੀਤਾਂ ਦੀ ਗਿਣਤੀ ਹੁਤ ਥੋੜ੍ਹੀ ਰਹੀ। ਗੀਤ ਮਨੁੱਖੀ ਦਿਲਾਂ ਦੇ ਤਰਜਮਾਨ ਹੁੰਦੇ ਹਨ। ਦਿਲਾਂ ਦੇ ਗੁੱਝੇ ਭੇਤ ਗੀਤਾਂ ਰਾਹੀਂ ਪ੍ਰਗਟ ਹੁੰਦੇ ਹਨ। ਗੀਤ ਦੇ ਤਿੰਨ ਭਾਗ ਹੁੰਦੇ ਹਨ। ਪਹਿਲਾ ਗੀਤਕਾਰ, ਦੂਸਰਾ ਤਰਜ਼ ਬਣਾਉਣ ਵਾਲਾ ਸੰਗੀਤਕਾਰ, ਤੇ ਤੀਸਰਾ ਢੁਕਵੀਂ
ਆਵਾਜ਼ ਦੇਣ ਵਾਲਾ ਗਾਇਕ। ਮੇਰੀ ਜਾਚੇ ਗੀਤਕਾਰ ਕੋਲ ਹੀ ਪਹਿਲੀ ਵਾਰ ਕਿਸੇ ਗੀਤ ਦੇ ਬੋਲ ਉਪਜਦੇ ਹਨ। ਇਸ ਤਰ੍ਹਾਂ ਕਿਸੇ ਗੀਤ ਦਾ ਜਨਮਦਾਤਾ ਗੀਤਕਾਰ ਹੁੰਦਾ ਹੈ। ਉਸ ਤੋਂ ਬਾਅਦ ਸੰਗੀਤਕਾਰ ਤਰਜ਼ ਵਿੱਚ ਢਾਲ ਕੇ ਨਵਾਂ ਹੁਸਨ ਤੇ ਜਵਾਨੀ ਬਖਸ਼ਦਾ ਹੈ। ਅੰਤ ਗਾਇੱਕ ਦੀ ਆਵਾਜ਼ ਦੇ ਮੋਢੇ ਚੜ੍ਹਕੇ ਗੀਤ ਦੇਸ਼ ਦੇਸ਼ਾਂਤਰਾਂ ਤੱਕ ਪੁੱਜਦਾ ਹੈ ਤੇ ਅਮਰ ਹੋ ਜਾਂਦਾ ਹੈ। ਮੇਰੀ ਸਾਰੀ ਦਿਲਚਸਪੀ, ਖੋਜ ਲੱਭਤ ਦਾ ਜੋਰ ਗੀਤ ਦੇ ਜਨਮਦਾਤਾ, ਭਾਵ ਗੀਤਕਾਰਾਂ ਨੂੰ ਤਲਾਸ਼ਣ ਵਿੱਚ ਜ਼ਿਆਦਾ ਰਿਹਾ ਹੈ। ਮੇਰੀ ਕੋਸ਼ਿਸ਼ ਹੈ ਕਿ ਪੰਜਾਬੀ ਗੀਤਕਾਰੀ ਦੀਆਂ ਗੁੰਮਨਾਮ ਗਲੀਆਂ ਵਿੱਚ ਸਾਂਭੇ ਗਏ ਅਤੇ ਰੁਲ ਗਏ ਪੰਜਾਬੀ
ਗੀਤਕਾਰ ਹੀਰਿਆਂ ਦਾ ਕੁੱਝ ਭੇਤ ਪਾ ਸਕਾਂ।ਪਿਛਲੀ ਕਿਤਾਬ ਵਿੱਚ ਮੈਂ ਉਸ ਮਿੱਟੀ ਨੂੰ ਫਰੋਲਣ ਦੀ ਕੋਸ਼ਿਸ਼ ਕੀਤੀ ਸੀ,ਜੋ ਅਣਵੰਡੇ ਪੰਜਾਬ ਦੀ ਸੀ, ਪਰ ਵੰਡ ਤੋਂ ਬਾਅਦ ਚੜ੍ਹਦੇ ਪੰਜਾਬ ਵਿੱਚ ਦੀ ਹੋ ਗਈ। ਇਸ ਵਾਰ ਸਾਂਝੇ ਪੰਜਾਬ ਦੀ , ਉਸ ਮਿੱਟੀ ਦੀ ਬਾਤ ਪਾਉਣ ਦੀ ਕੋਸ਼ਿਸ਼ ਕੀਤੀ ਐ, ਜੋ ਲਹਿੰਦੇ ਪੰਜਾਬ ਦੀ ਹੋ ਗਈ। ਸਾਧਨ ਸੀਮਤ ਹੋਣ ਕਰਕੇ ਭਾਵੇਂ ਮੇਰੇ ਲਈ ਇਹ ਬਹੁਤ ਕਠਿਨ ਕਾਰਜ ਸੀ। ਇਸ ਕਿਤਾਬ ਦਾ ਮੁੱਖ ਅਧਾਰ ਗ੍ਰਾਮੋਫੋਨ ਰਿਕਾਰਡ ਹਨ। ਜਿਹਨਾਂ ਤੇ ਉੱਕਰੇ ਹੋਏ ਨਾਮ ਉਹਨਾਂ ਗੀਤਕਾਰਾਂ ਦੀ ਪੁਸ਼ਟੀ ਕਰਦੇ ਹਨ, ਜਿਨ੍ਹਾਂ ਦੇ ਗੀਤ ਬਚਪਨ ਤੋਂ ਲੈਕੇ ਉਮਰ ਦੇ ਇਸ ਪੜਾਅ ਤੱਕ ਮੇਰੇ ਹਮਜੋਲੀ ਬਣੇ। ਇਸ ਕਿਤਾਬ ਨੂੰ ਸਾਹਿਤਕ ਮਿਆਰ ਤੋਂ ਨਾ ਮਾਪਿਆ ਜਾਵੇ। ਇਹ ਸਿਰਫ ਪੰਜਾਬੀ ਗੀਤਾਂ ਵਿੱਚ ਰੁਚੀ ਰੱਖਣ ਵਾਲਿਆਂ ਲਈ ਸਿਰਫ ਜਾਣਕਾਰੀ ਵਾਸਤੇ ਐ। ਮੈਨੂੰ ਪਤੈ ਕਿ ਇਹ ਜਾਣਕਾਰੀ ਵੀ ਅਧੂਰੀ ਹੈ, ਕਿਉਂਕਿ ਚਾਹੁੰਦਿਆਂ ਹੋਇਆਂ ਵੀ ਅਜੇ ਤੱਕ ਮੇਰਾ ਪਾਕਿਸਤਾਨ ਜਾਣ ਦਾ ਸਬੱਬ ਨਹੀਂ ਬਣਿਆ। ਮੈਂ ਵੀ ਬਾਕੀਆਂ ਵਾਂਗੂੰ ਲਹਿੰਦੇ ਪੰਜਾਬ ਨੂੰ, ਗੀਤਾਂ ਰਾਹੀਂ ਹੀ ਮਹਿਸੂਸ ਕਰਦਾ ਹਾਂ ਜਿਵੇਂ ਲਹਿੰਦੇ ਵਾਲੇ ਚੜ੍ਹਦੇ ਪੰਜਾਬ ਨੂੰ ਗੀਤਾਂ ਰਾਹੀਂ ਵੇਖਦੇ ਨੇ, ਮਾਣਦੇ ਨੇ। ਕਿਉਂਕਿ ਗੀਤਾਂ ਨੂੰ ਪਾਸਪੋਰਟ ਤੇ ਵੀਜਿਆਂ ਦੀ ਜ਼ਰੂਰਤ ਨਹੀਂ ਹੁੰਦੀ।

ਚੱਲੋ ਖੈਰ ਮੈਂ ਧੰਨਵਾਦੀ ਹਾਂ ਹਜ਼ੀਂ ਕਾਦਰੀ ਸਾਹਿਬ ਦੀ ਛੋਟੀ ਬੇਟੀ ਅਸਮਾਂ ਕਾਦਰੀ ਜੀ ਦਾ, ਸੂਫੀ ਤਬਸੁੱਮ ਸਾਹਿਬ ਦੀ ਪੋਤਰੀ ਡਾ. ਫੋਜੀਆ ਤਬਸੁੱਮ ਜੀ ਦਾ, ਖ਼ਵਾਜ਼ਾ ਪਰਵੇਜ਼ ਜੀ ਦੇ ਛੋਟੇ ਪੁੱਤਰ ਯਾਸਿਰ ਪਰਵੇਜ਼ ਜੀ ਦਾ, ਜਿਹਨਾਂ ਨੇ ਮੈਨੂੰ ਆਪਣੇ ਬਜ਼ੁਰਗਾਂ ਬਾਰੇ ਜਾਣਕਾਰੀ ਮੁਹਈਆ ਕਰਵਾਈ। ਮੈਂ ਧੰਨਵਾਦ ਕਰਦਾ ਹਾਂ ਫੈਸਲਾਬਾਦ ਨਿਵਾਸੀ ਮੇਰੇ ਛੋਟੇ ਵੀਰ ਅਹਿਸਾਨ ਗੁੱਜਰ ਦਾ ਜਿਸ ਨੇ ਉਰਦੂ ਤੇ ਸ਼ਾਹਮੁਖੀ ਦੇ ਅਖ਼ਬਾਰ, ਕਿਤਾਬਾਂ ਨੂੰ ਪੜ੍ਹ ਕੇ ਮੈਨੂੰ ਵਾਇਸ ਮੈਸਿਜ ਰਾਹੀਂ ਜਾਣਕਾਰੀ ਮੁਹੱਈਆ ਕਰਵਾਈ। ਇਸ ਕਿਤਾਬ ਵਿੱਚ ਅਨੇਕਾਂ ਕਮੀਆਂ ਰਹਿ ਗਈਆਂ ਹੋਣਗੀਆਂ। ਗਲਤੀਆਂ ਨੂੰ ਸੁਧਾਰਦਿਆਂ ਹੋਇਆਂ, ਜਦ ਤੱਕ ਤੁਸੀਂ ਹੁੰਗਾਰਾ ਦਿੰਦੇ ਰਹੋਗੇ ਮੈਂ ਇਹ ਸਿਲਸਿਲਾ ਜਾਰੀ ਰੱਖਾਂਗਾ।

ਅਸ਼ੋਕ ਬਾਂਸਲ ਮਾਨਸਾ

## facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੈਨੂੰ ਸਾਡੀ ਪੱਤੀ ਆਲ਼ਾ ਬਿੱਲੂ ਛੜਾ ਯਾਦ ਆ ਗਿਆ



ਗੁਰਮੇਲ ਬੇਗਾ

ਆਹ ਫੋਟੋ ਸਾਡੀ ਗੋਲੂ ਪੱਤੀ ਵਾਲ਼ੀ ਸੱਥ ਦੀ ਐ ਜਿਸ ਵਿੱਚ ਮੇਰੇ ਬਾਪੂ ਜੀ ਸਮੇਤ ਸਾਡੀ ਪੱਤੀ ਦੇ ਕਈ ਬਜ਼ੁਰਗ ਬੈਠੇ ਨੇ, ਮੇਰੇ ਚਾਚੇ ਤਾਏ ...ਫ਼ੋਟੋ ਵੇਖ ਕੇ ਮੈਨੂੰ ਸਾਡੀ ਪੱਤੀ ਆਲ਼ਾ ਬਿੱਲੂ ਛੜਾ ਯਾਦ ਆ ਗਿਆ... ਖੂੰਢ ਪਿੱਛੇ ਦਿਸਦੀ ਕੰਧ ਵਾਲ਼ੀ ਥਾਂ ਕਿਸੇ ਵੇਲ਼ੇ ਬਿੱਲੂ ਛੜੇ ਦਾ ਕੱਚਾ ਘਰ ਹੋਇਆ ਕਰਦਾ ਸੀ ਜਿਸਨੂੰ ਦਹਾਕਿਆਂ ਤੋਂ ਲਿੱਪਿਆ ਪੋਚਿਆ ਨਹੀਂ ਸੀ ਗਿਆ... ਪਿੰਡ ਦੇ ਫਲ੍ਹੇ (ਸੱਥ) ਵਿੱਚ ਘਰ ਹੋਣ ਕਰਕੇ ਸਾਰੇ ਉਸਨੂੰ ਫਲ੍ਹੇ ਆਲ਼ਾ ਬਿੱਲੂ ਸੱਦਦੇ ... ਫਲ੍ਹੇ ਵਿੱਚ (ਸੱਥ ਵਾਲ਼ੀ ਥਾਂ) ਕਿਸੇ ਵੇਲ਼ੇ ਲੱਕੜ ਦਾ ਤਖਤਪੋਸ਼ ਡਹਿਆ ਹੁੰਦਾ ਸੀ ਤੇ ਖ਼ੂਬ ਰੌਣਕਾਂ ਲਗਦੀਆਂ ਸੀ... ਬਿੱਲੂ ਛੜਾ ਜਮਾਂਦਰੂ ਈ ਛੜਾ ਸੀ, ਭੈਣਾਂ ਸਾਡੀ ਸੁਰਤ ਤੋਂ ਪਹਿਲਾਂ ਈ ਕਿਤੇ ਵਿਆਹ ਤੀਆਂ ਸੀ... ਛੋਟੀ ਜਿਮੀਂਦਾਰੀ ਹੋਣ ਕਰਕੇ ਬਿੱਲੂ ਨੂੰ ਕਿਧਰੋਂ ਕੋਈ ਸਾਕ ਨਾ ਜੁੜਿਆ... ਜਵਾਨੀ ਪਹਿਰੇ ਬਿੱਲੂ ਕਿਸੇ ਚੂੜੇ ਵਾਲ਼ੀ ਦੀ ਆਸ ਵਿੱਚ ਆਪ ਈ ਚੁੱਲ੍ਹੇ ਫੂਕਾਂ ਮਾਰਦਾ ਰਿਹਾ...ਚਾਰ ਕੁ ਬੱਕਰੀਆਂ ਰੱਖ ਰੱਖੀਆਂ ਸਨ, ਤੜਕੇ ਦਾ ਚੁੱਲ੍ਹਾ ਚੌਂਕਾ ਕਰਕੇ ਬਿੱਲੂ ਬੱਕਰੀਆਂ ਛੇੜ ਲੈਂਦਾ, ਸਾਰਾ ਦਿਨ ਮਾਰੂ ਵਾਹਣਾਂ ਚ ਬੱਕਰੀਆਂ ਚਾਰਦਾ ਤੇ ਕਿਤੇ ਲੌਢੇ ਵੇਲ਼ੇ ਜਾ ਕੇ ਘਰੇ ਮੁੜਦਾ... ਬੱਕਰੀਆਂ ਦੀ ਮੈਂ-ਮੈਂ ਮੁੜ ਸਾਰੇ ਦਿਨ ਦੇ ਸੁੰਨੇ ਵੇਹੜੇ ਦੀ ਡਰਾਉਣੀ ਚੁੱਪੀ ਨੂੰ ਤੋੜਦੀ... ਮੁੜਦੇ ਨੂੰ ਉਹੀ ਭਾਂ-ਭਾਂਅ ਕਰਦਾ ਵਿਹੜਾ ਤੇ ਉਹੀ ਚੁੱਲ੍ਹਾ ਚੌਂਕਾ...ਕੱਲਮ ਕਾਰਾ ਬਿੱਲੂ ਕਦੇ ਚਾਰ ਮੰਨੀਆਂ ਥੱਪ ਲੈਂਦਾ ਤੇ ਕਦੇ ਭੁੱਖੇ ਢਿੱਡ ਈ ਮੰਜੀ ਘੜੀਸ ਕੇ ਤਾਰਿਆਂ ਦੀ ਛਾਵੇਂ ਸੌਂ ਜਾਂਦਾ...

ਜਦੋਂ ਤੋਂ ਸੁਰਤ ਸੰਭਾਲੀ ਸੀ, ਮੈਂ ਕਦੇ ਕੋਈ ਆਇਆ-ਗਿਆ ਉਸਦੇ ਘਰੇ ਆਉਂਦਾ ਜਾਂਦਾ ਨਹੀਂ ਸੀ ਵੇਖਿਆ ਤੇ ਨਾ ਹੀ ਬਿੱਲੂ ਦੇ ਕੋਈ ਨਵਾਂ ਲੀੜਾ ਕੱਪੜਾ ਪਾਇਆ... ਵਰ੍ਹੇ ਲੰਘਦੇ ਗਏ, ਬਿੱਲੂ ਭਾਮੇ ਪਕਰੋੜ ਹੋ ਗਿਆ ਸੀ ਪਰ ਉਸਦੀ ਚਾਲ਼ ਢਾਲ਼ ਵਿੱਚ ਅਜੇ ਵੀ ਜੱਟਾਂ ਵਾਲ਼ੀ ਹੈਂਕੜੀ ਅਤੇ ਬੋਲ-ਬਾਣੀ ਵਿੱਚ ਅੱਖੜ ਪੁਣਾ ਕਾਇਮ ਸਨ...

ਬਿੱਲੂ ਦੀ ਵਿਆਹ ਵਾਲ਼ੀ ਉਮਰ ਕਦੋਂ ਦੀ ਟੱਪ ਚੁੱਕੀ ਸੀ... ਮਰਦੇ ਨੂੰ ਅੱਕ ਚੱਬਣਾ ਪਿਆ, ਬਿੱਲੂ ਨੇ ਜ਼ਮੀਨ ਦਾ ਠੇਕਾ ਆਏ ਤੋਂ ਮੁੱਲ ਦੀ ਤੀਵੀਂ ਲਿਆਉਣ ਵਾਲ਼ਾ ਹੂਲਾ ਫੱਕ ਲਿਆ... ਕੁਦੇਸਣ ਦੇ ਪੈਰ ਪਾਉਣ ਨਾਲ਼ ਵਰ੍ਹਿਆਂ ਬੱਧੀ ਸੁੰਨੇ ਵੇਹੜੇ ਵਿੱਚ ਛਣ ਛਣ ਹੋਣ ਲੱਗੀ... ਕੇਰਾਂ ਬਿੱਲੂ ਦੀ ਰੋਟੀ ਪੱਕਦੀ ਹੋ ਗਈ ਸੀ... ਪਰ ਬਿੱਲੂ ਦੇ ਕਰਮਾਂ ਵਿੱਚ ਪੱਕੀਆਂ ਪਕਾਈਆਂ ਖਾਣੀਆਂ ਕਿੱਥੇ ?ਪ ਤਾ ਨੀ ਤਾਂ ਆਪਣੇ ਅੱਖੜ ਸੁਭਾਅ ਕਰਕੇ ਉਹ ਤੀਵੀਂ ਨੂੰ ਕਿਸੇ ਨਾਲ਼ ਬੋਲਣ ਚੱਲਣ ਨਹੀਂ ਸੀ ਦਿੰਦਾ, ਪਤਾ ਨੀ ਭਾਈ ਉਮਰ ਦਾ ਕਜੋੜ ਹੋਣ ਕਰਕੇ, ਉਹਦੀ ਪੂਰਬਣ ਤੀਵੀਂ ਮਹੀਨੇ ਵੀਹ ਦਿਨਾਂ ਬਾਅਦ ਈ ਭਾਂਡੇ ਚਲਾ ਚਲਾ ਮਾਰਨ



ਲੱਗੀ...ਆਵਦੀ ਬੋਲੀ ਵਿੱਚ ਉੱਚੀ ਉੱਚੀ ਅਵਾ ਤਵਾ ਬੋਲਣ ਲਾਗੀ... ਸੱਥ ਵਿੱਚ ਖੜ੍ਹੇ ਸਾਰੀ ਪੱਤੀ ਦੇ ਬੰਦੇ, ਤੀਵੀਂਆਂ ਬਿੱਲੂ ਦੇ ਉੱਜੜਦੇ ਘਰ ਦਾ ਤਮਾਸ਼ਾ ਵੇਖ ਰਹੇ ਸਨ... ਸਾਰੇ ਮੂੰਹੋਂ ਮੂੰਹ ਗੱਲਾਂ ਕਰਨ, ਅਖੇ ਇਹਦਾ ਦਿਮਾਗ਼ ਚੱਕਿਆ ਗਿਆ...ਕੋਈ ਕਹੇ ਚਲਿੱਤਰ ਕਰਦੀ ਐਂ, ਜਿੰਨੇ ਮੂੰਹ ਓਨੀਆਂ ਗੱਲਾਂ...ਥੋੜ੍ਹੇ ਦਿਨਾਂ ਮਗਰੋਂ ਪਤਾ- ਲੱਗਿਆ ਵੀ ਬਿੱਲੂ ਦੀ ਮੁੱਲ ਲਿਆਂਦੀ ਤੀਵੀਂ ਕਿਧਰੇ ਭੱਜ ਗਈ ਸੀ... ਬਿੱਲੂ ਇੱਕ ਵਾਰੀਂ ਫ਼ੇਰ ਤੋਂ ਛੜੇ ਦਾ ਛੜਾ ਈ ਰਹਿ ਗਿਆ ਸੀ... ਉਸਦੇ ਸਦੀਆਂ ਪੁਰਾਣੇ ਕੱਚੇ ਵੇਹੜੇ ਇੱਕ ਵਾਰੀ ਫੇਰ ਸੁੰਨ ਮਸਾਣ ਪੱਸਰ ਗਈ ... ਇਸ ਤੋਂ ਬਾਅਦ ਬਿੱਲੂ ਛੜਾ ਵੀਹ ਬਾਈ ਸਾਲ ਜਿਉਂਦਾ ਰਿਹਾ, ਤੇ ਓਸਨੇ ਰੋਜ਼ਾਨਾ ਬੱਕਰੀਆਂ ਲੈ ਕੇ ਘਰੋਂ ਨਿੱਕਲ ਜਾਣਾ ਤੇ ਟਿੱਕ ਛਿਪੀ ਤੋਂ ਘਰ ਮੁੜਨਾ...

ਫੇਰ ਮੈਂ ਜਦੋਂ ਮਾਸਟਰ ਲੱਗ ਗਿਆ ਤੇ ਸ਼ਹਿਰ ਰਿਹਾਇਸ਼ ਕਰ ਲਈ... ਫੇਰ ਹ਼ਫ਼ਤੇ-ਦਸ ਦਿਨਾਂ ਤੋਂ ਪਿੰਡ ਗੇੜਾ ਵੱਜਦਾ ਸੀ... ਪਤਾ ਲੱਗਿਆ ਵੀ ਬਿੱਲੂ ਛੜਾ ਮਰ ਗਿਆ... ਰੰਨਾਂ ਵਾਲਿਆਂ ਨੂੰ ਰੋਣ੍ਹ ਨਿਆਣੇ ਵੀ ਛੜਿਆਂ ਨੂੰ ਰੋਣ੍ਹ ਬਿੱਲੀਆਂ ਕਹਿਣ ਵਾਂਗੂੰ ਬਿੱਲੂ ਛੜੇ ਨੂੰ ਕੀਹਨੇ ਰੋਣਾਂ ਸੀ ?...

ਬਿੱਲੂ ਛੜੇ ਦੇ ਮਰਨ ਪਿੱਛੋਂ ਕਈ ਸਾਲ਼ ਉਸਦਾ ਘਰ ਬੇਆਬਾਦ ਪਿਆ ਰਿਹਾ ਤੇ ਮੌਸਮਾਂ ਦੀ ਮਾਰ ਕਰਕੇ ਡਿੱਗ ਢੱਠ ਗਿਆ ... ਫੇਰ ਵਾਹਵਾ ਟੈਮ ਮਗਰੋਂ ਜਦੋਂ ਕੇਰਾਂ ਪਿੰਡ ਗਿਆ ਤਾਂ ਪਤਾ ਲੱਗਿਆ ਵੀ ਬਿੱਲੂ ਛੜੇ ਦਾ ਘਰ ਵੀ ਵਿਕ ਗਿਆ ਸੀ ਤੇ ਖ਼ਰੀਦਣ ਵਾਲ਼ੇ ਨੇ ਪੁਰਾਣਾ ਘਰ ਢਾਹ ਕੇ ਨਵੀਂ ਕੋਠੀ ਉਸਾਰ ਲਈ ਸੀ... ਫ਼ੋਟੋ ਵਿੱਚ ਸੱਥ ਪਿੱਛੇ ਦਿਖਦੀ ਪੱਕੀ ਕੰਧ ਬਿੱਲੂ ਛੜੇ ਦੇ ਘਰ ਆਲ਼ੀ ਥਾਂ ਉਸਾਰੀ ਕੋਠੀ ਦੀ ਐ...

ਪਿੰਡੋਂ Amandeep Singh Aman ਨੇ ਸੱਥ ਦੀ ਏਹ ਫ਼ੋਟੋ ਭੇਜੀ ਤਾਂ ਸਾਰਾ ਕੁੱਝ ਮੇਰੀਆਂ ਅੱਖਾਂ ਸਾਹਮਣੇ ਫ਼ਿਲਮ ਆਂਗੂ ਘੁੰਮ ਗਿਆ... ਨਵੀਂ ਪੀੜ੍ਹੀ ਵਿੱਚੋਂ ਕੀਹਦੇ ਯਾਦ ਰਹਿਣੈਂ ਵੀ ਏਥੇ ਕੋਈ ਬਿੱਲੂ ਛੜਾ ਵੀ ਹੁੰਦਾ ਸੀ... ਹੁਣ ਕੇਹੜਾ ਏਥੇ ਕੋਈ ਉਹਦਾ ਨਾਂ-ਥੇਹ ਲੈਣ ਵਾਲ਼ਾ ਹੈਗਾ...

**ਗੁਰਮੇਲ ਬੇਗਾ ਦੀ ਫੇਸਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ ਕਾਪੀ ਕੀਤਾ**




# ਸਾਡੇ ਨਿੱਜ ਨੇ ਤਾਂ ਰੱਬ ਦਾ ਸਿੰਘਾਸਣ ਵੀ ਡੋਲਣ ਲਾ ਦਿੱਤਾ

ਵੀਹ ਹਜ਼ਾਰ ਸਾਲ ਹੋਏ ਨੇ
ਸਭਿਅਤਾ ਨੂੰ ਬਣਿਆਂ
ਅੱਜ ਵੀ ਕੱਲੀ ਔਰਤ ਵੇਖ ਕੇ ,
ਖਾਣ ਨੂੰ ਪੈਂਦਾ ਏ ਆਦਮੀ
ਭੁੱਖੇ ਦਾ ਭੁੱਖਾ ਵਹਿਸ਼ੀ ਦਾ ਵਹਿਸ਼ੀ। (ਅੰਮ੍ਰਿਤਾ ਪ੍ਰੀਤਮ)

ਸਾਡੇ ਦੁਆਲ਼ੇ ਉਪਰੋਥਲ਼ੀ ਵਾਪਰਦੀਆਂ ਵਾਰਦਾਤਾਂ ਨੇ ਕਈ ਦਹਾਕੇ ਪਹਿਲਾਂ ਰਚੀਆਂ ਇਨ੍ਹਾਂ ਸਤਰਾਂ ਨੂੰ ਸੱਜਰੀਆਂ ਕਰ ਵਿਖਾਇਆ ਹੈ। ਵਿਰਲੇ ਲੋਕਾਂ ਦਾ ਇਕ ਵਰਗ ਇਸ ਵਹਿਸ਼ੀਪੁਣੇ ਨੂੰ ਠੱਲ੍ਹ ਪਾਉਣ ਦੇ ਵਸੀਲੇ ਵੀ ਤਲਾਸ਼ਦਾ ਹੋਵੇਗਾ ਪਰ ਬਹੁਤੇ ਵਹਿਸ਼ੀ ਲੋਕ ਵਾਰਦਾਤ ਵੱਲ ਵੇਖ ਕੇ ਕਮਲ਼ਿਆ ਕਿਤੇ ਅੱਗ ਨਾ ਲਾ ਦੀਂ ---- ਵਾਹਵਾ ਯਾਦ ਕਰਾਤਾ ਵਾਂਗ ਹੀ ਲੈ ਰਹੇ ਲਗਦੇ ਹਨ। ਕੋਈ ਸਬਕ ਪੱਲੇ ਨਹੀਂ ਪਿਆ ਲਗਦਾ। ਪਤਾ ਨਹੀਂ ਸਭਿਅਤਾ ਦਾ ਕਿਹੜਾ ਵਰਕਾ ਥੱਲ ਧਰਿਆ ਹੈ ਕਿ ਨਿੱਜ-ਮੁਖੀ ਤਰਜ਼ੇ-ਜ਼ਿੰਦਗੀ ਨੇ ਦੇਹੀ-ਖੇਡ ਹੀ ਸਭ ਤੋਂ ਵੱਧ ਖ਼ਤਰਨਾਕ ਜਾਂ ਦਿਲਚਸਪ ਬਣਾ ਲੈਣ ਦੀ ਠਾਣ ਰੱਖੀ ਹੈ। ਔਰਤ ਨੂੰ ਵਸਤ ਵਾਂਗ ਪਰੋਸ ਕੇ ਵੇਖਣਯੋਗ ਬਣਾ ਧਰਿਆ ਹੈ। ਉਪਰਲੀ ਤਹਿ ਤੱਕ ਹੀ ਜਿਉਂਦੇ ਲੋਕ ਪਸ਼ੂ ਬਿਰਤੀ ਤੱਕ ਹੀ ਜਿਉਣਾ ਚਾਹ ਰਹੇ ਨੇ। ਮਨੁੱਖ ਦੀਆਂ ਇਹੋ ਜਿਹੀਆਂ ਗਰਕ ਹੋਈਆਂ ਬਿਰਤੀਆਂ ਨੂੰ ਵੇਖ ਕੇ ਲਗਦਾ ਹੈ ਅੱਜ ਤੱਕ ਹੋਈ ਤਰੱਕੀ ਨੇ ਬੱਸ ਦੇਹੀ-ਸੁਖ ਸਾਧਨਾਂ ਜਾਂ ਚੰਮ-ਖ਼ੁਸ਼ੀਆਂ ਨੂੰ ਹੀ ਟੀਚਾ ਸਾਧ ਲਿਆ ਹੈ। ਅਜਿਹੇ ਲੋਕਾਂ ਲਈ ਕੋਈ ਵੀ ਰਿਸ਼ਤਾ ਸਾਕ-ਸੰਬੰਧੀ ਪਵਿੱਤਰ ਨਹੀਂ ਰਿਹਾ। ਸਭ ਸਾਂਝਾਂ ਮਧੋਲ਼ ਕੇ ਬੱਸ ਥੋੜ੍ਹ-ਚਿਰੀ ਖ਼ੁਸ਼ੀ ਹੀ ਸਭ ਹੋ ਨਿਬੜਦੀ ਹੈ। ਖੋਖਲੇ ਹੋਏ ਲੋਕਾਂ ਦੀ ਇਸ ਭਟਕਣਾ ਨੇ ਹੀ ਸਭ ਨੂੰ ਸੱਖਣਾ, ਨਿਰਾਸ਼, ਉਦਾਸ, ਗ਼ਮਗੀਨ ਅਤੇ ਤਨਹਾ ਕਰ ਧਰਿਆ ਹੈ। ਅਜਿਹੀ ਉਦਾਰ ਤੇ ਅਪਹੁਦਰੀ ਲਾਲਸਾ ਨੂੰ ਭੁੱਖ ਨਹੀਂ ਸਗੋਂ ਹਾਬੜਾ ਕਿਹਾ ਜਾ ਸਕਦਾ ਹੈ। ਭੁੱਖ ਮਿਟਾਈ ਜਾ ਸਕਦੀ ਹੈ ਪਰ ਹਾਬੜਾ ਨਹੀਂ ਮਿਟ ਸਕਦਾ। ਨਸ਼ੇ ਦੇ ਵੱਸ ਹੋਇਆ ਮਨੁੱਖ ਹੋਰ ਵੀ ਬੇ-ਵਸ ਹੋ ਜਾਂਦਾ ਹੋਵੇਗਾ। ਜੇ ਇਸ ਹਾਬੜੇ ਦੇ ਕਾਰਨਾਂ ਵੱਲ ਨੀਝ ਲਾ ਕੇ ਵੇਖੀਏ ਤਾਂ ਕੇਵਲ ਲੰਘ ਚਲੇ ਪਲਾਂ ਹਵਾਲੇ ਹੋ ਕੇ ਜਿਉਣ ਦੀ ਇਹ ਤਰਜ਼ੇ-ਪੱਛਮੀ ਜ਼ਿੰਦਗੀ ਨੇ ਸਾਡੇ ਬੀਤੇ ਵੱਲ ਪਿੱਠ ਕਰ ਕੇ ਸਾਡੀਆਂ ਭਵਿੱਖੀ ਸੰਭਾਵਨਾਵਾਂ ਨੂੰ ਵੀ ਤਾਰ-ਤਾਰ ਬਿਖੇਰ ਧਰਿਆ ਹੈ। ਸਾਡੇ ਸਕੂਲ ਸਮੇਂ ਜਦੋਂ ਅੰਗ੍ਰੇਜ਼ੀ ਦੇ ਅਧਿਆਪਕ ਨੇ ਪਹਿਲੀਆਂ ਜਮਾਤਾਂ ਵਿਚ ਟੈਨਸ "ense ਸਿਖਾਏ ਸੀ ਤਾਂ ਅਭੋਲ਼ ਮਨ ਨੇ ਸਮੇਂ ਦੀ ਇਸ ਤਰਤੀਬ ਨੂੰ ਗੌਲ਼ਿਆ ਨਹੀਂ ਸੀ। ਹੁਣ ਜਦੋਂ ਕਈ ਦਹਾਕੇ ਬੀਤੇ ਹਨ ਤਾਂ ਦੁਆਲ਼ੇ ਉਸਰਦੀ ਪੀੜ੍ਹੀ ਦੀਆਂ ਕਿਲਕਾਰੀਆਂ, ਬੜ੍ਹਕਾਂ ਅਤੇ ਹੂਕਾਂ ਨੂੰ ਜਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਸਭਿਆਚਾਰ ਦੀਆਂ ਸਭ ਪਰਤਾਂ ਨੂੰ ਅਣਗੌਲ਼ਿਆ ਕਰ ਅੱਗਾ ਦੌੜ ਤੇ ਪਿੱਛਾ ਚੌੜ ਹੋ ਰਿਹਾ ਹੈ ਤਾਂ ਸਮੇਂ ਦੀ ਉਹੀ ਤਰਤੀਬ ਮੂੰਹ ਜ਼ੋਰ ਹੋ ਕੇ ਆ ਖੜ੍ਹਦੀ ਹੈ। ਤਰੱਕੀ ਕਰਦਿਆਂ ਚਾਹੀਦਾ ਤਾਂ ਇਹ ਸੀ ਕਿ ਅਸੀਂ ਚੁਗਿਰਦੇ ਦੀਆਂ ਸਭ ਖ਼ੂਬਸੂਰਤੀਆਂ ਚੁਗ ਕੇ ਇਕ ਨਵਾਂ ਨਰੋਆ ਸੰਸਾਰ ਸਿਰਜਦੇ ਜਿੱਥੇ ``ਜੀਓ ਤੇ ਜਿਉਣ ਦਿਓ`` ਵੱਲ ਸਰਕਦੇ। ਪਰ ਹੋਇਆ ਇਹ ਕਿ ਅਸੀਂ ਉਪਰਲੀ ਤਹਿ ਤੋਂ ਹੀ ਆਪਣੀ ਸੁਵਿਧਾ ਅਨੁਸਾਰ ਰੋਲ਼-ਰੋਲ਼ ਕੇ ਜਾਂ ਲਾਪਰ ਕੇ ਗੁਆਂਢੀਆਂ ਦੇ ਗੁਣ ਛੱਡ ਕੇ ਬੱਸ ਰੂਪ ਹੀ ਚੁਗ ਲੈਣ ਦੀ ਠਾਣੀ ਹੈ। ਅੱਜ ਪਲ਼ਦੇ ਸਾਡੇ ਨਿੱਜ ਨੇ ਤਾਂ ਰੱਬ ਦਾ ਸਿੰਘਾਸਣ ਵੀ ਡੋਲਣ ਲਾ ਦਿੱਤਾ ਹੈ। ਸਾਡੀ ਜਵਾਨ ਪੀੜ੍ਹੀ ਦਾ ਨਾਹਰਾ My life is high life ਹੀ ਬਣ ਗਿਆ ਹੈ। ਕੱਪੜਿਆਂ ਦੀ ਕਰੀਜ਼ ਵੱਲ ਵੇਖਦੇ ਇਹ ਪੂਰੀ ਦੁਨੀਆਂ ਨੂੰ ਹੀ ਮੁੱਠੀ ਵਿਚ ਪਾ ਲੈਣ ਦੀ ਰੀਝ ਤਾਂ ਰਖਦੇ ਹਨ ਪਰ ਆਪ ਉਸ ਵਿਚ ਯੋਗਦਾਨ ਪਾਉਣ ਤੋਂ ਮੁਨਕਰ ਹਨ। ਔਰਤ ਦੇ ਸਤਿਕਾਰ ਦਾ ਨਾਹਰਾ ਲਗਾ ਰਹੇ ਵੱਡੇ-ਵੱਡੇ ਧਨਾਢਾਂ ਨੇ ਔਰਤ ਦੀ ਕੁੱਖ ਨੂੰ ਵੀ ਮੰਡੀ ਦਾ ਮਾਲ ਬਣਾ ਧਰਿਆ ਹੈ। ਆ ਰਿਹਾ ਸਮਾਂ ਸਾਡੇ ਤੋਂ ਸਵਾਲ ਪੁੱਛੇਗਾ ਕਿ ਕਿਹੜੀ ਤਰੱਕੀ ਦੀ ਗੱਲ ਕਰਦੇ ਰਹੇ ਕਿੱਥੇ ਆ ਪੁੱਜੇ ਹਾਂ, ਜਿੱਥੇ ਔਰਤ ਮਰਦ ਦੀ ਆਪਸੀ ਸਾਂਝ ਹੀ ਗੰਧਲ਼ਾ ਧਰੀ ਹੈ। ਹਰਦਮ ਮਾਨ ਦੀਆਂ ਸਤਰਾਂ ਹਨ -

ਵਧੀ ਹੈ ਨੇੜਤਾ ਜਿਉਂ ਜਿਉਂ
ਦਿਲਾਂ ਵਿਚ ਫਾਸਲਾ ਹੋਇਆ
ਅਜੋਕੇ ਦੌਰ ਵਿਚ ਇਹ
ਕਿਸ ਤਰ੍ਹਾਂ ਦਾ ਹਾਦਸਾ ਹੋਇਆ।


Liberal
ਕੈਨੇਡਾ ਸਟਰੌਂਗ
CANADA STRONG
ਮਾਰਕ ਕਾਰਨੀ ਟੈਕਸ ਘਟਾਉਣਗੇ, ਇਕੋਨੋਮੀ ਮਜ਼ਬੂਤ ਕਰਨਗੇ, ਅਤੇ ਕਰਾਈਮ ਨੂੰ ਨੱਥ ਪਾਉਣਗੇ
Mark Carney will cut taxes, build a stronger economy and cut down on crime
ਵੋਟ ਲਿਬਰਲ • VOTE LIBERAL
Authorized by the registered agent for the Liberal Party of Canada.

# ਕੈਲਗਰੀ ਵਿੱਚ ਗੋਲੀ ਚੱਲੀ, ਇੱਕ ਮੌਤ ਅਤੇ ਇੱਕ ਹਸਪਤਾਲ ਦਾਖਿਲ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿੱਚ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਨੌਰਥ ਈਸਟ ਇਲਾਕੇ ਵਿੱਚ ਪੈਂਦੀ ਕੋਰਲ ਸਪਰਿੰਗ ਕਮਿਊਨਿਟੀ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ ਅਤੇ ਇੱਕ ਗੰਭੀਰ ਜ਼ਖਮੀ ਹੈ। ਪੁਲਿਸ ਨੇ ਇਸ ਵਾਰਦਾਤ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਵਾਰਦਾਤ ਵਾਲੀ ਰਾਤ ਕੋਰਲ ਸਪਰਿੰਗ ਸਰਕਲ ਦੇ ਇੱਕ ਘਰ ਵਿੱਚ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ ਮੌਕੇ ਤੇ ਪਹੁੰਚੀ ਪੁਲਿਸ ਨੂੰ ਦੋ ਵਿਅਕਤੀ ਗੋਲੀਆਂ ਲੱਗਣ ਕਾਰਨ ਜ਼ਖਮੀ ਮਿਲੇ ਜਿਨਾਂ ਦੀ ਹਾਲਤ ਬੇਹਦ ਗੰਭੀਰ ਸੀ ਦੋਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਜਿੱਥੇ ਇੱਕ ਵਿਅਕਤੀ ਦਮ ਤੋੜ ਗਿਆ ਜਦੋਂ ਕਿ ਦੂਜੇ ਵਿਅਕਤੀ ਦਾ ਹਸਪਤਾਲ ਵਿੱਚ ਇਲਾਜ ਜਾਰੀ ਹੈ। ਜਾਂਚ ਕਰਤਾਵਾਂ ਦਾ ਕਹਿਣਾ ਹੈ ਕਿ ਦੋਵੇਂ ਵਿਅਕਤੀ ਉਸੇ ਘਰ ਵਿੱਚ ਰਹਿੰਦੇ ਹਨ ਜਿੱਥੇ ਗੋਲੀਬਾਰੀ ਹੋਈ । ਪੁਲਿਸ ਨੇ ਗੋਲੀਬਾਰੀ ਕਰਨ ਵਾਲੇ ਸ਼ੱਕੀ ਬਾਰੇ ਤਾਂ ਕੋਈ ਜਾਣਕਾਰੀ ਨਹੀਂ ਦਿੱਤੀ ਪਰ ਇਹ ਜਰੂਰ ਆਖਿਆ ਕਿ ਹੁਣ ਇਸ ਵਕਤ ਉਹ ਕਿਸੇ ਹੋਰ ਸ਼ੱਕੀ ਦੀ ਤਲਾਸ਼ ਨਹੀਂ ਕਰ ਰਹੇ ਹਨ। ਪੁਲਿਸ ਵੱਲੋਂ ਮੌਕੇ ਦੇ ਗਵਾਹਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਸੀਸੀਟੀਵੀ ਫੁਟੇਜ ਵੀ ਦੇਖੀ ਜਾ ਰਹੀ ਹੈ। ਪੁਲਿਸ ਨੇ ਆਖਿਆ ਹੈ ਕਿ ਜੇਕਰ ਕਿਸੇ ਕੋਲ ਵੀ ਇਸ ਵਾਰਦਾਤ ਸਬੰਧੀ ਕੋਈ ਜਾਣਕਾਰੀ ਹੋਵੇ ਤਾਂ ਪੁਲਿਸ ਦੇ ਨੰਬਰ 403-266-1234 ਤੇ ਕਾਲ ਕੀਤੀ ਜਾਵੇ ਜਾਂ ਫਿਰ ਕਰਾਈਮ ਸਟਾਪਰ ਨੂੰ ਦੱਸਿਆ ਜਾਵੇ ਜਿੱਥੇ ਉਨ੍ਹਾਂ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

# ਮੁੰਬਈ ਹਮਲੇ ਦਾ ਮਾਸਟਰ ਮਾਈਂਡ ਸਮਝਿਆ ਜਾਂਦਾ ਰਾਣਾ ਭਾਰਤ ਹਵਾਲੇ ਹੋਇਆ

ਨਵੀਂ ਦਿੱਲੀ (ਪੰਜਾਬੀ ਅਖ਼ਬਾਰ ਬਿਊਰੋ) 2008 ਦੇ ਮੁੰਬਈ ਅੱਤਵਾਦੀ ਹਮਲੇ ਦੇ ਮਾਸਟਰਮਾਈਂਡ ਤਹੱਵੁਰ ਰਾਣਾ ਨੂੰ ਅਮਰੀਕਾ ਤੋਂ ਭਾਰਤ ਲਿਆਂਦਾ ਗਿਆ ਹੈ ਅਤੇ ਉਸ ਦੀ ਭਾਰਤ ਪਹੁੰਚਣ ਤੋਂ ਬਾਅਦ ਪਹਿਲੀ ਤਸਵੀਰ ਸਾਹਮਣੇ ਆਈ ਹੈ, ਜਿਸ 'ਚ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਦੇ ਅਧਿਕਾਰੀ ਉਸ ਨੂੰ ਗ੍ਰਿਫਤਾਰ ਕਰਦੇ ਨਜ਼ਰ ਆ ਰਹੇ ਹਨ। ਰਾਣਾ ਨੂੰ ਅਮਰੀਕੀ ਗਲਫਸਟ੍ਰੀਮ ਜੀ 550 ਜਹਾਜ਼ ਰਾਹੀਂ ਭਾਰਤ ਲਿਆਂਦਾ ਗਿਆ। ਇਹ ਜਹਾਜ਼ ਦਿੱਲੀ ਦੇ ਪਾਲਮ ਤਕਨੀਕੀ ਹਵਾਈ ਅੱਡੇ 'ਤੇ ਉਤਰਿਆ। ਇੱਥੋਂ ਉਸ ਨੂੰ ਸਿੱਧਾ ਐਨ ਆਈ ਏ ਹੈੱਡਕੁਆਰਟਰ ਲਿਜਾਇਆ ਗਿਆ। ਰਾਣਾ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਉੱਚ ਸੁਰੱਖਿਆ ਵਾਲੇ ਵਾਰਡ ਵਿੱਚ ਰੱਖਿਆ ਜਾਵੇਗਾ। ਇਸ ਸਬੰਧੀ ਜੇਲ੍ਹ ਪ੍ਰਸ਼ਾਸਨ ਨੇ ਲੋੜੀਂਦੇ ਪ੍ਰਬੰਧ ਕੀਤੇ ਹਨ। ਜਾਂਚ ਏਜੰਸੀ NIA ਅਤੇ ਖੁਫੀਆ ਏਜੰਸੀ ਰਾਅ ਦੀ ਸਾਂਝੀ ਟੀਮ ਰਾਣਾ ਨੂੰ ਅਮਰੀਕਾ ਤੋਂ ਲੈਕੇ ਰਵਾਨਾ ਹੋਈ ਸੀ । ਤਹੱਵੁਰ ਰਾਣਾ ਨੂੰ ਸਖਤ ਸੁਰੱਖਿਆ ਪ੍ਰਬੰਧਾਂ ਹੇਠ ਪਟਿਆਲਾ ਹਾਊਸ ਅਦਾਲਤ ਲਿਆਂਦਾ ਗਿਆ ਜਿਥੋਂ ਉਸ ਦੀ ਐੱਨਆਈਏ ਹਿਰਾਸਤ ਦੀ ਮੰਗ ਕੀਤੀ ਗਈ। ਇਸ ਤੋਂ ਪਹਿਲਾਂ ਉਸ ਦਾ ਮੈਡੀਕਲ ਕਰਵਾਇਆ ਗਿਆ ਸੀ। ਰਾਣਾ ਨੂੰ ਅਦਾਲਤ ਵਿਚ ਲਿਆਉਣ ਵੇਲੇ ਕਿਸੇ ਵੀ ਮੀਡੀਆ ਕਰਮੀ ਨੂੰ ਨੇੜੇ ਨਾ ਢੁਕਣ ਦਿੱਤਾ ਗਿਆ ਤੇ ਜਦੋਂ ਐੱਨਆਈਏ ਉਸ ਨੂੰ ਅਦਾਲਤ ਦੇ ਮੁੱਖ ਗੇਟ ਜ਼ਰੀਏ ਲੈ ਕੇ ਗਈ ਤੇ ਨਾਲ ਦੀ ਨਾਲ ਮੁੱਖ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਦੇਰ ਰਾਤ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਐੱਨਆਈਏ ਦੀ ਵਿਸ਼ੇਸ਼ ਅਦਾਲਤ 'ਚ ਜੱਜ ਚੰਦਰਜੀਤ ਸਿੰਘ ਸਾਹਮਣੇ ਪੇਸ਼ੀ ਮੌਕੇ ਐੱਨਆਈਏ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਦਯਾਨ ਕ੍ਰਿਸ਼ਨਨ ਅਤੇ ਵਿਸ਼ੇਸ਼ ਸਰਕਾਰੀ ਵਕੀਲ ਨਰਿੰਦਰ ਮਾਨ ਨੇ ਰਾਣਾ ਦੀ 20 ਦਿਨ ਦੀ ਹਿਰਾਸਤ ਮੰਗੀ ਸੀ


Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment

Financial Services
• RRSP
• Life Insurance
Term Life
Universal Life
• Critical Illness Insurance
• Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਊਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5



Asia Pacific Immigration Consulting Ltd.
ਏਸ਼ੀਆ ਪੈਸੇਫਿਕ ਇਮੀਗਰੇਸ਼ਨ ਕੰਸਲਟਿੰਗ ਲਿਮਟਡ



Maninder S. Dhillon
Regulated Immigration Consultant of Canada
Member ICCRC #R 409807
Member CAPIC
Commissioner for Oaths (Alberta)
Fax: 1-877-557-2001

ਇਮੀਗ੍ਰੇਸ਼ਨ ਸੇਵਾਵਾਂ
• ਮਾਪਿਆਂ ਲਈ ਸੁਪਰ ਵੀਜ਼ਾ • ਪਰਿਵਾਰਕ ਸਪਾਂਸਰਸ਼ਿਪ
• ਐਲ ਐਮ ਓ ਐਪਲੀਕੇਸ਼ਨ • ਵਰਕ ਪਰਮਿਟ
• ਰੱਦ ਕੀਤੇ ਕੇਸਾਂ ਵਾਸਤੇ ਅਪੀਲ
iccrc crcic Call for an appointment
403-225-1111
Toll Free 1-855-723-0001
Unit 144, 3670, 63rd Ave, NE, Calgary, AB (Behind ATB Head Office)
Email: info@apacimmigration.ca Website : www.apacimmigration.ca



Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com



NE NORTHEAST AUTOMOTIVE
Bring your vehicle into NorthEast Automotive and be on smoother, stress free roads



First Choice for Engine Repair
ਆਪਣੀ ਕਾਰ ਦੀ ਤਸੱਲੀਬਖਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038



ਫੈਡਰਲ ਇਲੈਕਸ਼ਨ / ਸੋਮਵਾਰ, 28 ਅਪ੍ਰੈਲ
#ItsOurVote

ਕੀ ਤੁਸੀਂ ਵੋਟ ਪਾਉਣ ਦੀ ਯੋਜਨਾ ਬਣਾ ਰਹੇ ਹੋ?
ਤੁਸੀਂ ਆਪਣੇ ਨਿਰਧਾਰਿਤ ਪੋਲਿੰਗ ਸਟੇਸ਼ਨ ਤੇ ਇਲੈਕਸ਼ਨ ਵਾਲੇ ਦਿਨ ਰਜਿਸਟਰ ਕਰ ਸਕਦੇ ਹੋ ਅਤੇ ਵੋਟ ਪਾ ਸਕਦੇ ਹੋ, ਜੇ:



• ਤੁਸੀਂ ਕੈਨੇਡੀਅਨ ਨਾਗਰਿਕ ਹੋ
• ਤੁਹਾਡੀ ਉਮਰ ਘੱਟੋ-ਘੱਟ 18 ਸਾਲ ਹੈ
• ਆਪਣੀ ਪਛਾਣ ਅਤੇ ਪਤਾ ਦਾ ਸਬੂਤ ਦਿਓ

ਇਹ ਜਾਣਨ ਲਈ ਕਿ ਕਿੱਥੇ ਅਤੇ ਕਦੋਂ ਵੋਟ ਪਾ ਸਕਦੇ ਹੋ, ਆਪਣੇ ਵੋਟਰ ਜਾਣਕਾਰੀ ਕਾਰਡ ਦੀ ਜਾਂਚ ਕਰੋ ਜਾਂ elections.ca 'ਤੇ ਜਾਓ।

It's Our Vote
ਵੋਟਿੰਗ ਬਾਰੇ ਲੋੜੀਂਦੀ ਅਧਿਕਾਰਿਤ ਜਾਣਕਾਰੀ ਵਾਸਤੇ, elections.ca 'ਤੇ ਜਾਓ।
1-800-463-6868 / elections.ca / TTY 1-800-361-8935
Elections Canada


Happy Vaisakhi!
ਸਮੂਹ ਸੰਗਤ ਨੂੰ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਬਹੁਤ ਬਹੁਤ ਵਧਾਈਆਂ
Parmeet Singh Boparai
MLA for Calgary-Falconridge
#924,5075 Falconridge Blvd NE Calgary (AB)
403 280 4022
calgary.falconridge@assembly.ab.ca


PAINTED SKY
LANGDON
ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਜੀ ਆਇਆਂ ਨੂੰ
ਨਵੀਆਂ ਸਹੂਲਤਾਂ ਸੌਖਾਲਿਆਂ ਹੀ ਲਵੋ
ਪੇਂਟਿਡ ਸਕਾਈ ਕਮਿਉਨਿਟੀ ਵਿੱਚ ਤੁਹਾਡਾ ਸਵਾਗਤ ਹੈ,ਲੈਂਗਡਨ ਦੇ ਪ੍ਰੇਰੀ ਹੈਮਲੇਟ ਵਿੱਚ ਇੱਕ ਜੀਵੰਤ ਭਾਈਚਾਰਾ,ਜਿੱਥੇ ਛੋਟੇ ਸਹਿਰ ਦਾ ਸੁਹਜ ਆਧੁਨਿਕ ਸਹੂਲਤਾਂ ਨੂੰ ਪੂਰਾ ਕਰਦਾ ਹੈ। ਕੈਲਗਰੀ ਤੋਂ ਸਿਰਫ 20 ਮਿੰਟ ਦੀ ਦੂਰੀ ਉੱਪਰ ਪੇਂਟਿਡ ਸਕਾਈ ਪਰਿਵਾਰਾਂ ਲਈ ਡਿਜ਼ਇਨ ਕੀਤੇ ਗਏ ਵਿਸ਼ਾਲ ਘਰ ਪੇਸ਼ ਕਰਦਾ ਹੈ। ਪੇਂਟਿਡ ਸਕਾਈ ਵਿਖੇ ਜਗ੍ਹਾ,ਭਾਈਚਾਰੇ ਅਤੇ ਸਹੂਲਤਾਂ ਦੇ ਸੰਪੂਰਨ ਸੰਤੁਲਨ ਦੀ ਖੋਜ ਕਰੋ।
ਜਲਦੀ ਆ ਰਿਹਾ ਹੈ!
ਖੇਡ ਮੈਦਾਨ,ਪਰਿਵਾਰਾਂ ਲਈ ਮਜ਼ੇਦਾਰ ਜਗ੍ਹਾ ਵਾਲੀ ਪਹਿਲੀ ਕਮਿਊਨਿਟੀ
ਆਈ ਜੀ ਏ, ਡੌਲਰਾਮਾ,ਮੈਕਡੋਨਲਡ ਅਤੇ ਹੋਰ ਬਹੁਤ ਨਵੀਆਂ ਸਹੂਲਤਾਂ
ਤੁਹਾਡੇ ਨਵੇਂ ਘਰ ਤੋਂ ਸਾਰਾ ਕੁੱਝ ਤੁਹਾਡੀ ਪੈਦਲ ਪਹੁੰਚ ਵਿੱਚ
ਆਓ ਦੇਖੋ paintedskyinlangdon.com
ਫਰੰਟ ਗੈਰਾਜ ਹੋਮਜ
ਫਰੌਮ ਦੀ ਮਿੱਡ
$700s
ਬੰਗਲੋਅ ਹੋਮਜ
ਫਰੌਮ ਦੀ ਲੋਅ
$700s
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


Call Romi Sidhu For Insurance & Financial Needs
Desjardins Insurance
StateFarm IS NOW Desjardins Insurance
Monday-Friday
9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILTY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent


Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal
403-690-8700
Bhajan Singh Johal
403-561-0227
4612, 6 STREET NE CALGARY, AB


Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡਡ ਐਨਕਾਂ ਵੀ ਮਿਲਦੀਆਂ ਹਨ
Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1


Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.


COLDWELL BANKER | YAD REALTY
RESIDENTIAL, COMMERCIAL & PROPERTY MANAGEMENT
ਜੇਕਰ ਤੁਹਾਡਾ ਘਰ 88 ਦਿਨਾਂ ਵਿੱਚ ਨਾ ਵਿਕਿਆ ਤਾਂ ਉਸ ਤੋਂ ਬਾਅਦ ਅਸੀਂ 'ਬਿਨਾ ਕਿਸੇ ਫੀਸ ਦੇ ਵੇਚਾਂਗੇ'
YADREALTY.CA
ANDY BHALLA
OWNER, BROKER, REALTOR®
403-899-7171
HIRING BEST REAL ESTATE AGENTS
3130, 6520 36 Street NE, Calgary AB
AMRIT BEDI
OWNER & REALTOR®
403-414-9191


ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸ਼ੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

# ਕੈਨੇਡਾ ਸੰਸਦੀ ਚੋਣਾਂ 'ਚ ਪੰਜਾਬੀ ਉਮੀਦਵਾਰਾਂ ਦੀ ਆਪਸ 'ਚ ਟੱਕਰ




ਕੈਨੇਡਾ 'ਚ ਸੰਸਦੀ ਚੋਣਾਂ 28 ਅਪ੍ਰੈਲ ਨੂੰ ਹੋਣ ਜਾ ਰਹੀਆਂ ਹਨ ਅਤੇ ਸਾਰੀਆਂ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰ ਨਾਮਜ਼ਦ ਕਰ ਦਿੱਤੇ ਗਏ ਹਨ। ਸਾਰੀਆਂ ਪਾਰਟੀਆਂ ਨੂੰ ਨਾਮਜ਼ਦਗੀ ਲਈ ਈਲੈਕਸ਼ਨ ਕੈਨੇਡਾ ਵੱਲੋਂ 7 ਅਪ੍ਰੈਲ ਦੁਪਹਿਰ 2 ਵਜੇ ਤੱਕ ਦਾ ਸਮਾਂ ਦਿੱਤਾ ਗਿਆ ਸੀ। 2025 ਦੀਆਂ ਚੋਣਾਂ 'ਚ ਕੈਨੇਡਾ ਭਰ 'ਚੋਂ 40 ਤੋਂ ਉੱਪਰ ਪੰਜਾਬੀ ਉਮੀਦਵਾਰ ਸ਼ਾਮਲ ਹਨ। ਪੰਜਾਬੀਆਂ ਦੀ ਵਸੋਂ ਵਾਲੇ ਸ਼ਹਿਰਾਂ ਦੇ ਵੱਖ-ਵੱਖ ਹਲਕਿਆਂ 'ਚੋਂ ਕਈ ਪੰਜਾਬੀ ਚੋਣ ਲੜ੍ਹ ਰਹੇ ਹਨ ਅਤੇ ਕਿਸ ਦੇ ਮੁਕਾਬਲੇ ਕੌਣ ਖੜ੍ਹਾ ਹੈ, ਆਓ ਦੇਖੀਏ!

### ਬਰੈਂਪਟਨ ਦੇ ਵੱਖ-ਵੱਖ ਹਲਕਿਆਂ ਦੇ ਪੰਜਾਬੀ ਅਤੇ ਹੋਰ ਉਮੀਦਵਾਰ

ਬਰੈਂਪਟਨ ਈਸਟ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਮਨਿੰਦਰ ਸਿੱਧੂ ਹਨ ਜੋ ਕਿ ਪਹਿਲਾਂ ਹੀ ਦੋ ਵਾਰ ਜਿੱਤ ਹਾਸਲ ਕਰ ਚੁੱਕੇ ਹਨ ਅਤੇ ਹੁਣ ਤੀਸਰੀ ਵਾਰ ਚੋਣ ਲੜ੍ਹ ਰਹੇ ਹਨ, ਉਨ੍ਹਾਂ ਦਾ ਮੁਕਾਬਲਾ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਬੋਬ ਦੋਸਾਂਝ ਸਿੰਘ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਹਰਅੰਮ੍ਰਿਤ ਸਿੰਘ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਜੈਫ ਲਾਲ ਅਤੇ ਸੈਂਟਰਿਸਟ ਪਾਰਟੀ ਦੇ ਉਮੀਦਵਾਰ ਅਬਦੁਸ ਐਸ ਕਿਸਾਨਾ ਨਾਲ ਹੈ।

ਬਰੈਂਪਟਨ ਸੈਂਟਰ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਅਮਨਦੀਪ ਸੋਢੀ, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਤਰਨ ਚਾਹਲ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਅਨਿਲ ਬੁਧਾਈ ਅਤੇ ਸੈਂਟਰਿਸਟ ਪਾਰਟੀ ਦੇ ਉਮੀਦਵਾਰ ਤਾਹਾ ਨਜ਼ੀਰ ਹਨ।

ਬਰੈਂਪਟਨ ਚਿਨਗੂਜ਼ੀ ਪਾਰਕ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਸ਼ਫਕਤ ਅਲੀ ਜੋ ਕਿ ਪਹਿਲਾਂ ਪਹਿਲਾਂ ਬਰੈਂਪਟਨ ਸੈਂਟਰ ਤੋਂ ਜੇਤੂ ਸਨ ਪਰ ਹੁਣ ਹੁਣ ਨਵੀਂ ਰਾਈਡਿੰਗ ਬਣਨ ਕਰਕੇ ਸ਼ਫਕਤ ਅਲੀ ਨੂੰ ਬਰੈਂਪਟਨ ਚਿਨਗੂਜ਼ੀ ਪਾਰਕ ਤੋਂ ਉਮੀਦਵਾਰ ਬਣਾਇਆ ਗਿਆ ਹੈ। ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਟਿਮ ਇਕਬਾਲ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਟੇਰੇਸਾ ਯੇਹ, ਸੈਂਟਰਿਸਟ ਪਾਰਟੀ ਦੇ ਉਮੀਦਵਾਰ ਹਾਫਿਜ਼ ਮੁਨੀਬ ਅਹਿਮਦ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਜਯੇਸ਼ ਬ੍ਰਹਮਭੱਟ ਅਤੇ ਆਜ਼ਾਦ ਉਮੀਦਵਾਰ ਅਵੀ ਧਾਲੀਵਾਲ ਹਨ।

ਬਰੈਂਪਟਨ ਨੌਰਥ-ਕੈਲੇਡਨ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਰੂਬੀ ਸਹੋਤਾ ਜੋ ਕਿ ਚੋਥੀ ਵਾਰ ਚੋਣ ਲੜ੍ਹ ਰਹੇ ਹਨ। ਇਸ ਤੋਂ ਪਹਿਲਾਂ 2015 ਤੋਂ ਉਹ ਬਰੈਂਪਟਨ ਨੌਰਥ ਦੇ ਐੱਮਪੀ ਰਹਿ ਚੁੱਕੇ ਹਨ ਅਤੇ ਹੁਣ ਉਨ੍ਹਾਂ ਦੀ ਰਾਈਡਿੰਗ 'ਚ ਕੈਲੇਡਨ ਦਾ ਵੀ ਕੁੱਝ ਹਿੱਸਾ ਪਾ ਦਿੱਤਾ ਗਿਆ ਹੈ। ਰੂਬੀ ਸਹੋਤਾ ਦਾ ਮੁਕਾਬਲਾ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਮਨਦੀਪ ਜੱਜ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਰੂਬੀ ਜ਼ਮਾਨ ਅਤੇ ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਸਤ ਆਨੰਦ ਨਾਲ ਹੈ।

ਬਰੈਂਪਟਨ ਸਾਊਥ ਤੋਂ ਲਿਬਰਲ ਪਾਰਟੀ ਦੀ ਉਮੀਦਵਾਰ ਸੋਨੀਆ ਸਿੱਧੂ, ਜੋ ਕਿ ਪਹਿਲਾਂ ਹੀ ਤਿੰਨ ਵਾਰ ਜਿੱਤ ਚੁੱਕੇ ਹਨ, ਉਨ੍ਹਾਂ ਦਾ ਮੁਕਾਬਲਾ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਸੁਖਦੀਪ ਕੰਗ, ਨਿਊ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਰਜਨੀ ਸ਼ਰਮਾ ਅਤੇ ਆਜ਼ਾਦ ਉਮੀਦਵਾਰ ਮਨਮੋਹਨ ਖਰੋੜ ਨਾਲ ਹੈ।

ਬਰੈਂਪਟਨ ਵੈਸਟ ਤੋਂ ਲਿਬਰਲ ਪਾਰਟੀ ਦੀ ਤਿੰਨ ਵਾਰ ਜੇਤੂ ਰਹਿ ਚੁੱਕੀ ਅਤੇ ਹੁਣ ਚੌਥੀ ਵਾਰ ਚੋਣ ਲੜ੍ਹ ਰਹੀ ਉਮੀਦਵਾਰ ਕਮਲ ਖਹਿਰਾ ਦੇ ਮੁਕਾਬਲੇ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਮਰਜੀਤ ਗਿੱਲ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜ਼ੈਘਮ ਜਾਵੇਦ ਖੜ੍ਹੇ ਹੋਏ ਹਨ।

### ਮਿਸੀਸਾਗਾ ਦੇ ਵੱਖ-ਵੱਖ ਹਲਕਿਆਂ ਦੇ ਪੰਜਾਬੀ ਅਤੇ ਹੋਰ ਉਮੀਦਵਾਰ

ਮਿਸੀਸਾਗਾ ਮਾਲਟਨ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਇਕਵਿੰਦਰ ਸਿੰਘ ਗਹੀਰ ਹਨ ਜੋ ਕਿ ਪਹਿਲਾਂ ਵੀ ਜਿੱਤ ਚੁੱਕੇ ਹਨ ਅਤੇ ਹੁਣ ਦੂਸਰੀ ਵਾਰ ਚੋਣ ਲੜ੍ਹ ਰਹੇ ਹਨ। ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਜਸਪ੍ਰੀਤ ਸੰਧੂ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਇੰਦਰਜੀਤ ਸਿੰਘ ਏਲਸਿੰਘਾਨੀ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਨਾਥਨ ਕੁਇਨਲਨ ਹਨ।




ਮਿਸੀਸਾਗਾ ਈਸਟ ਤੋਂ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਨੀਤਾ ਕੰਗ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਅਮਿਤ ਗੁਪਤਾ , ਲਿਬਰਲ ਪਾਰਟੀ ਦੇ ਉਮੀਦਵਾਰ ਪੀਟਰ ਫੌਸੇਕਾ ਹਨ ਜੋ ਕਿ ਪਹਿਲਾਂ ਵੀ ਜਿੱਤ ਚੁੱਕੇ ਹਨ।

### ਕੈਲਗਰੀ ਦੇ ਵੱਖ-ਵੱਖ ਹਲਕਿਆਂ ਦੇ ਪੰਜਾਬੀ ਅਤੇ ਹੋਰ ਉਮੀਦਵਾਰ

ਕੈਲਗਰੀ ਸਕਾਈਵਿਊ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਅਮਨਪ੍ਰੀਤ ਗਿੱਲ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਰਾਜੇਸ਼ ਅੰਗਰਾਲ, ਆਜ਼ਾਦ ਉਮੀਦਵਾਰ ਡਾ. ਜਗ ਆਨੰਦ, ਆਜ਼ਾਦ ਉਮੀਦਵਾਰ ਮਿਨੇਸ਼ ਪਟੇਲ, ਲਿਬਰਲ ਪਾਰਟੀ ਦੇ ਉਮੀਦਵਾਰ ਹਾਫਿਜ਼ ਮਲਿਕ ਹਨ।

ਕੈਲਗਰੀ ਮੈਕਨਾਈਟ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਜਾਰਜ ਚਾਹਲ, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਦਲਵਿੰਦਰ ਗਿੱਲ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਨਜੀਬ ਬੱਟ, ਗ੍ਰੀਨ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਐਵਲਿਨ ਤਨਾਕਾ ਹਨ।

ਕੈਲਗਰੀ ਈਸਟ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜਸਰਾਜ ਹੱਲਣ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਹੈਰੀ ਢਿੱਲੋਂ, ਗ੍ਰੀਨ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਕੈਰੀ ਰਦਰਫੋਰਡ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜੈਨੀਫਰ ਗੇਹਾ ਹਨ।

### ਐਡਮੰਟਨ ਦੇ ਵੱਖ-ਵੱਖ ਹਲਕਿਆਂ ਦੇ ਪੰਜਾਬੀ ਅਤੇ ਹੋਰ ਉਮੀਦਵਾਰ

ਐਡਮੰਟਨ ਦੱਖਣ-ਪੂਰਬ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਅਮਰਜੀਤ ਸੋਹੀ, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜਗਸ਼ਰਨ ਸਿੰਘ ਮਾਹਲ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਹਰਪ੍ਰੀਤ ਗਰੇਵਾਲ, ਆਜ਼ਾਦ ਉਮੀਦਵਾਰ ਗੁਰਲੀਨ ਚੰਦੀ, ਪੀਪਲਜ਼ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਮਾਰਟਿਨ ਸੁਏਤਜ਼ਾ ਹਨ।

ਐਡਮੰਟਨ ਗੇਟਵੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਟਿਮ ਉੱਪਲ ਹਨ ਜੋ ਕਿ ਇਕੱਲੇ ਪੰਜਾਬੀ ਉਮੀਦਵਾਰ ਹਨ। ਆਜ਼ਾਦ ਉਮੀਦਵਾਰ ਅਸ਼ੋਕ ਪਟੇਲ ਹਨ।

### ਸਰੀ ਦੇ ਵੱਖ-ਵੱਖ ਹਲਕਿਆਂ ਦੇ ਪੰਜਾਬੀ ਅਤੇ ਹੋਰ ਉਮੀਦਵਾਰ

ਸਰੀ ਨਿਊਟਨ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਸੁੱਖ ਧਾਲੀਵਾਲ, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਹਰਜੀਤ ਸਿੰਘ ਗਿੱਲ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਰਾਜ ਸਿੰਘ ਤੂਰ, ਕਮਿਊਨਿਸਟ ਪਾਰਟੀ ਦੇ ਉਮੀਦਵਾਰ ਸਲਮਾਨ ਜ਼ਫਰ ਹਨ।

ਸਰੀ ਸੈਂਟਰ ਤੋਂ ਲਿਬਰਲ ਪਾਰਟੀ ਦੇ ਉਮੀਦਵਾਰ ਰਣਦੀਪ ਸਰਾਏ, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਰਾਜਵੀਰ ਢਿੱਲੋਂ, ਗ੍ਰੀਨ ਪਾਰਟੀ ਆਫ ਕੈਨੇਡਾ ਦੇ ਉਮੀਦਵਾਰ ਕ੍ਰਿਸ਼ਨ ਖੁਰਾਨਾ ਹਨ।

### ਬਰਨਬੀ ਤੋਂ ਐੱਨਡੀਪੀ ਲੀਡਰ ਦਾ ਮੁਕਾਬਲਾ

ਬਰਨਬੀ, ਬ੍ਰਿਟਿਸ਼ ਕੋਲੰਬੀਆ ਤੋਂ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਲੀਡਰ ਅਤੇ ਉਮੀਦਵਾਰ ਜਗਮੀਤ ਸਿੰਘ ਦੇ ਮੁਕਾਬਲੇ ਲਿਬਰਲ ਪਾਰਟੀ ਦੇ ਉਮੀਦਵਾਰ ਵੇਡ ਚਾਂਗ, ਕੰਜ਼ਰਵੇਟਿਵ ਪਾਰਟੀ ਦੇ ਉਮੀਦਵਾਰ ਜੇਮਜ਼ ਯਾਨ, ਪੀਪਲਜ਼ ਪਾਰਟੀ ਆਫ ਕੈਨੇਡਾ ਰਿਚਰਡ ਫਾਰਬ੍ਰਿਜ ਚੋਣ ਮੈਦਾਨ 'ਚ ਖੜ੍ਹੇ ਹੋਏ ਹਨ।

*ਧੰਨਵਾਦ ਸਹਿਤ ਹਮਦਰਦ*





MIDWEST DIESEL REPAIR INC.
Gurprit Gill (Sony)
Midwest Truck Parts
Midwest Diesel Repair Inc.
We Service all Makes of Semi Trucks and Trailers
ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ




• Wheel Alignment • Differential • Rebuilt
• Engine-Transmission • Heating and Air Conditioning
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca


## ਚੀਨ ਨੇ ਆਪਣੀਆਂ ਏਅਰ ਲਾਈਨ ਕੰਪਨੀਆਂ ਨੂੰ ਨਵੇਂ ਹੁਕਮ ਸੁਣਾਏ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਚੀਨ ਨੇ ਆਪਣੀਆਂ ਏਅਰਲਾਈਨ ਕੰਪਨੀਆਂ ਨੂੰ ਹੁਕਮ ਦਿੱਤਾ ਹੈ ਕਿ ਉਹ ਅਮਰੀਕੀ ਜਹਾਜ਼ ਨਿਰਮਾਤਾ ਕੰਪਨੀ ਬੋਇੰਗ ਤੋਂ ਨਵੇਂ ਜਹਾਜ਼ਾਂ ਦੀ ਡਿਲੀਵਰੀ ਨਾ ਲੈਣ। ਬਲੂਮਬਰਗ ਦੀ ਰਿਪੋਰਟ ਮੁਤਾਬਕ ਬੀਜਿੰਗ ਨੇ ਅਮਰੀਕਾ 'ਚ ਬਣੇ ਜਹਾਜ਼ਾਂ ਦੇ ਪਾਰਟਸ ਅਤੇ ਡਿਵਾਈਸਾਂ ਦੀ ਖਰੀਦ 'ਤੇ ਰੋਕ ਲਗਾਉਣ ਦਾ ਵੀ ਹੁਕਮ ਦਿੱਤਾ ਹੈ। ਚੀਨ ਨੇ ਇਹ ਆਦੇਸ਼ ਅਮਰੀਕਾ ਦੇ 145% ਟੈਰਿਫ ਦੇ ਜਵਾਬ ਵਿੱਚ ਜਾਰੀ ਕੀਤਾ ਹੈ। ਬੋਇੰਗ ਏਅਰਪਲੇਨ ਇੱਕ ਅਮਰੀਕੀ ਕੰਪਨੀ ਹੈ ਜੋ ਹਵਾਈ ਜਹਾਜ਼, ਰਾਕੇਟ, ਉਪਗ੍ਰਹਿ, ਦੂਰਸੰਚਾਰ ਉਪਕਰਣ ਅਤੇ ਮਿਜ਼ਾਈਲਾਂ ਦਾ ਨਿਰਮਾਣ ਕਰਦੀ ਹੈ। ਬੋਇੰਗ ਅਮਰੀਕਾ ਦੀ ਸਭ ਤੋਂ ਵੱਡੀ ਬਰਾਮਦਕਾਰ ਕੰਪਨੀ ਹੈ ਅਤੇ ਇਹ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਰੱਖਿਆ ਸੌਦਾ ਬਣਾਉਣ ਵਾਲੀ ਕੰਪਨੀ ਵੀ ਹੈ। ਚੀਨ ਨੇ ਅਮਰੀਕਾ ਨਾਲ ਵਧਦੇ ਵਪਾਰ ਯੁੱਧ ਦੇ ਵਿੱਚਕਾਰ 7 ਕੀਮਤੀ ਧਾਤਾਂ (ਰੇਅਰ ਅਰਥ ਸਮੱਗਰੀ) ਦੇ ਨਿਰਯਾਤ 'ਤੇ ਵੀ ਪਾਬੰਦੀ ਲਗਾ ਦਿੱਤੀ ਹੈ। ਚੀਨ ਨੇ ਚੀਨੀ ਬੰਦਰਗਾਹਾਂ 'ਤੇ ਕਾਰਾਂ, ਡਰੋਨਾਂ ਤੋਂ ਲੈ ਕੇ ਰੋਬੋਟ ਅਤੇ ਮਿਜ਼ਾਈਲਾਂ ਤੱਕ ਹਰ ਚੀਜ਼ ਨੂੰ ਇਕੱਠਾ ਕਰਨ ਲਈ ਲੋੜੀਂਦੇ ਮੈਗਨੇਟ ਦੀ ਸ਼ਿਪਮੈਂਟ ਨੂੰ ਵੀ ਰੋਕ ਦਿੱਤਾ ਹੈ। ਇਹ ਸਮੱਗਰੀ ਆਟੋਮੋਬਾਈਲ, ਸੈਮੀਕੰਡਕਟਰ ਅਤੇ ਏਰੋਸਪੇਸ ਕਾਰੋਬਾਰਾਂ ਲਈ ਬਹੁਤ ਮਹੱਤਵਪੂਰਨ ਹਨ।

## ਚੋਰੀ ਕਰਨ ਆਈ ਔਰਤ ਨੇ 73 ਸਾਲਾ ਸਕਿਉਰਿਟੀ ਗਾਰਡ ਹੀ ਮਾਰ ਸੁੱਟਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਪੁਲਿਸ ਨੇ ਇੱਕ ਔਰਤ ਨੂੰ ਇੱਕ ਸਕਿਉਰਟੀ ਗਾਰਡ ਦੀ ਹੱਤਿਆ ਦੇ ਦੋਸ਼ ਵਿੱਚ ਗਿਰਫਤਾਰ ਕੀਤਾ ਹੈ। ਕੈਲਗਰੀ ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ 13 ਮਾਰਚ ਨੂੰ ਕੈਲਗਰੀ ਡਾਊਨ ਟਾਊਨ ਦੀ ਇੱਕ ਅਪਾਰਟਮੈਂਟ ਬਿਲਡਿੰਗ ਜੋ ਕਿ ਸੱਤ ਐਵਨਿਊ ਸਾਊਥ ਵੈਸਟ ਤੇ ਪੈਂਦੀ ਹੈ 'ਚ ਇੱਕ ਸਿਕਿਉਰਟੀ ਗਾਰਡ ਦੇ ਬੁਰੀ ਤਰ੍ਹਾਂ ਜ਼ਖਮੀ ਹੋਣ ਦੀ ਸੂਚਨਾ ਮਿਲੀ ਸੀ। ਇਸ 73 ਸਾਲਾਂ ਸਿਕਿਉਰਟੀ ਗਾਰਡ ਨੂੰ ਬੜੀ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ ਜਿੱਥੇ ਉਹ ਜਖਮਾਂ ਦੀ ਤਾਬ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਮਾਰੇ ਗਏ ਸਿਕਿਉਰਟੀ ਗਾਰਡ ਦੀ ਪਹਿਚਾਣ ਜੋਰਜ ਫਰਨਾਂਡਿਜ ਦੇ ਤੌਰ ਤੇ ਹੋਈ ਹੈ। ਇਸ ਉਪਰੰਤ ਪੁਲਿਸ ਵੱਲੋਂ ਜਦੋਂ ਸੀਸੀਟੀਵੀ ਫੁਟੇਜ ਖੰਗਾਲੀ ਗਈ ਤਾਂ ਉਸ ਵਿੱਚ ਇੱਕ ਔਰਤ ਦੇ ਬਿਲਡਿੰਗ ਵਿੱਚ ਦਾਖਿਲ ਹੋਣ ਦਾ ਪਤਾ ਲੱਗਾ। ਪੁਲਿਸ ਅਨੁਸਾਰ ਫੁਟੇਜ ਵਿੱਚ ਪਤਾ ਲੱਗਾ ਕਿ ਜਦੋਂ ਸਿਕਿਉਰਟੀ ਗਾਰਡ ਫਰਨਾਡੇਜ ਵੱਲੋਂ ਉਸਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਤਾਂ ਉਸ ਮਹਿਲਾ ਨੇ ਉਸ ਨੂੰ ਧੱਕੇ ਮਾਰੇ । ਉਸਦਾ ਸਿਰ ਜਮੀਨ ਤੇ ਮਾਰਿਆ ਇਸ ਤੋਂ ਬਾਅਦ ਇਸ ਮਹਿਲਾ ਨੇ ਆਫਿਸ ਵਿੱਚੋਂ ਇੱਕ ਲੈਪਟਾਪ ਤੇ ਹੋਰ ਸਮਾਨ ਚੋਰੀ ਕੀਤਾ ਅਤੇ ਉਥੋਂ ਚਲੀ ਗਈ। ਇਸ ਤੋਂ ਥੋੜੀ ਦੇਰ ਬਾਅਦ ਇਸ ਮਹਿਲਾ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।


CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ



Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1



DENTRO CARRIERS LTD
REGINA, SK
HIRING
OWNER OPERATOR
NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM



Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com



SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE



NAVDEEP JASWAL
Financial Advisor
403 909 4141



ONE-STOP
TRUCK SALES
ਘੱਟ ਰੇਟ ਉੱਪਰ ਕੁੱਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
YOUR ONE STOP SHOP FOR TRUCK SALES AND FINANCING
ਵਨ-ਸਟਾਪ ਟਰੱਕ ਸੇਲਜ਼ ਵਾਲੇ ਹੀ ਤੁਹਾਨੂੰ ਬਣਾ ਸਕਦੇ ਹਨ ਹੈਵੀ ਡਿਊਟੀ ਟਰੱਕ ਟਰੇਲਰ, ਟਰੱਕ ਦੇ ਮਾਲਕ



Davinder Gill & Jatinder Gill
306 490 2205, 306 880 3869
56 Bryan Bay, Rosser, MB R3C 2E6
Office: 204-987-7300
Email: admin@onestoptrucksales.com
Mob. 204-396-5404

MONARCH
AT COOPER'S CROSSING

LUXURY URBAN CONDOS
ONE, TWO & TWO BED + FLEX,
RANGING 670 – 1,198 SQ. FT.


















ਸ਼ੋਅ ਰੂਮ ਹੁਣ ਹਫਤੇ ਦੇ ਸੱਤੇ ਦਿਨ ਖੁੱਲੇ ਰਹਿੰਦੇ ਹਨ

VESTA PROPERTIES
VESTAELEVATE.COM

SALES CENTRE
#2110 - 520 Reynolds Ave, SW Airdrie
587.317.1516 | cooperscrossing@vestaproperties.com



DAWSON'S LANDING
CHESTERMERE
A QUALICO COMMUNITY
ਝੀਲਾਂ ਦੇ ਕਿਨਾਰੇ ਰਹਿਣਾ
ਗਰਮੀਆਂ ਤੋਂ ਪਹਿਲਾਂ ਮੂਵ ਹੋਵੋ
ਬੰਗਲੋਅ ਹੋਮਜ
ਫਰੰਟ ਗੈਰਾਜ ਡੁਪਲੈਕਸ
ਫਰੰਟ ਗੈਰਾਜ ਹੋਮਜ
ਡਾਸਨਜ਼ ਲੈਂਡਿੰਗ ਦੇ ਸ਼ਾਨਦਾਰ
ਹੁਣੇ ਮੂਵ ਹੋ ਸਕਣ ਵਾਲੇ ਘਰ ਲੱਭੋ
ਡਾਸਨਜ਼ ਲੈਂਡਿੰਗ ਝੀਲ ਦੇ ਕਿਨਾਰੇ ਵਾਲੇ ਸ਼ਹਿਰ ਚੈਸਟਰਮੇਅਰ ਵਿੱਚ,ਵਧ ਰਹੇ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ। ਜੋ ਭਵਿੱਖ ਵਿੱਚ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ, ਅਤੇ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਬਹੁਤ ਕੁਝ ਤੱਕ ਪਹੁੰਚ ਪ੍ਰਦਾਨ ਕਰਦਾ ਹੈ। ਕੈਲਗਰੀ ਖੇਤਰ ਦੇ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਏ ਗਏ ਘਰੇਲੂ ਸ਼ੈਲੀਆਂ ਦੀ ਇੱਕ ਸ਼੍ਰੇਣੀ ਦੇ ਨਾਲ ਅਤੇ ਸੁੰਦਰ ਚੈਸਟਰਮੇਅਰ ਝੀਲ ਤੋਂ ਕੁਝ ਮਿੰਟਾਂ ਦੀ ਦੂਰੀ 'ਤੇ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਕਹਿਣ 'ਤੇ ਮਾਣ ਮਹਿਸੂਸ ਕਰੋਗੇ।
ਅੱਜ ਹੀ ਮੂਵ ਹੋਵੋ
ਤੁਹਾਡਾ ਨਵਾਂ ਘਰ ਤੁਹਾਨੂੰ ਉਡੀਕ ਰਿਹਾ ਹੈ!
1 ਨੰਬਰ ਹਾਈਵੇਅ ਰਾਹੀਂ ਡਾਉਨਟਾਉਨ ਕੈਲਗਰੀ ਲਈ ਰਸਤਾ
ਪਹਿਲਾ ਰਿਹਾਇਸ਼ੀ ਭਾਈਚਾਰਾ ਜਿਸ ਵਿੱਚ ਸਟੌਰਮਵਾਟਰ ਕਿਡਨੀ ਬਣਾਈ ਗਈ ਹੈ
ਮਾਲਕ ਐਸੋਸੀਏਸ਼ਨ ਜੋ ਘਰਾਂ ਦੀਆਂ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
• NUVISTA HOMES • STERLING HOMES
• BROADVIEW HOMES • TRICO HOMES
liveindawsonslanding.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Ambleton
A Qualico Community
ਗਰਮੀਆਂ ਤੋਂ ਪਹਿਲਾਂ ਨਵੇਂ ਘਰ ਵਿੱਚ ਮੂਵ ਹੋਵੋ
ਆਪਣਾ ਜਲਦੀ ਕਬਜ਼ੇ ਵਾਲਾ ਘਰ ਲੱਭੋ!
ਐਂਬਲਟਨ ਕੈਲਗਰੀ ਨਾਰਥ ਈਸਟ ਦੇ ਸਭ ਤੋਂ ਉੱਤਮ ਸਥਾਨਾਂ ਨੂੰ ਇਸ ਦੀ ਵਧੀ ਹੋਈ ਕੁਦਰਤੀ ਸੈਟਿੰਗ,ਵਿਲੱਖਣ ਥਾਵਾਂ ਅਤੇ ਦ੍ਰਿਸ਼ਾਂ ਦੇ ਨਾਲ ਦਰਸਾਉਂਦਾ ਹੈ।ਖੇਡ ਮੈਦਾਨ,ਸਥਾਨਕ ਅਤੇ ਖੇਤਰੀ ਮਾਰਗ ਜਿਹੇ ਨੈਟਵਰਕ ਕਮਿਉਨਿਟੀ ਦੇ ਬਾਰੇ ਜਾਨਣ ਲਈ ਆਸਾਨ ਬਣਾਉਂਦੇ ਹਨ।ਕਾਫੀ ਪ੍ਰਚੂਨ,ਨੇੜਲੇ ਸਕੂਲ ਅਤੇ ਭਵਿੱਖ ਵਿੱਚ ਹਾਈ ਸਕੂਲ ਵੀ ਜਿਸ ਦੀ ਤੁਸੀਂ ਕਦੇ ਕਲਪਨਾ ਕੀਤੀ ਸੀ, ਐਂਬਲੇਟਨ ਕੋਲ ਉਹ ਸਭ ਕੁੱਝ ਹੈ।
ਲੇਨਡ ਹੋਮ
ਫਰੌਮ ਦੀ ਹਾਈ
$500s
ਫਰੰਟ ਗੈਰਾਜ
ਫਰੌਮ ਦੀ ਮਿੱਡ
$700s
liveinambleton.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




Vermilion Hill
ਟਾਊਨ ਹੋਮ
ਫਰੌਮ ਦੀ ਹਾਈ
$500s
ਲੇਨਡ ਹੋਮ
ਫਰੌਮ ਦੀ ਲੋਅ
$600s
ਫਰੰਟ ਗੈਰਾਜ ਹੋਮ
ਫਰੌਮ ਦੀ ਹਾਈ
$700s
ਸ਼ਹਿਰੀ ਜੀਵਨ
ਕੁਦਰਤੀ ਸੁੰਦਰਤਾ ਨੂੰ ਪੂਰਾ ਕਰਦਾ ਹੈ।
ਵਰਮਿਲੀਅਨ ਹਿੱਲ ਸਾਊਥ ਵੈਸਟ ਕੈਲਗਰੀ ਦੇ ਸਭ ਤੋਂ ਨਵੇਂ ਭਾਈਚਾਰੇ ਵਿੱਚ 5 ਤੋਂ 10 ਮਿੰਟ ਦੀ ਡਰਾਈਵ ਦੇ ਅੰਦਰ ਅੰਦਰ ਪਾਰਕ,ਮਾਰਗ,ਸਕੂਲ,ਡੇਅ ਕੇਅਰ,ਮੈਡਕਿਲ ਸੇਵਾਵਾਂ ਅਤੇ ਪ੍ਰਚੂਨ ਦੀ ਖਰੀਦਦਾਰੀ ਵਰਗੀਆਂ ਸਹੂਲਤਾਂ ਦੇ ਨਾਲ ਬੇਅੰਤ ਮਜ਼ੇ ਅਤੇ ਆਰਾਮ ਦੇ ਪਲ ਤੁਹਾਡੀ ਉਡੀਕ ਕਰ ਰਹੇ ਹਨ। ਇਸ ਤੋਂ ਇਲਾਵਾ ਇਹ ਭਾਈਚਾਰਾ ਅਲਬਰਟਾ ਦੇ ਮੁੱਖ ਕੁਦਰਤੀ ਸਰੋਤਾਂ ਬ੍ਰੈਗ ਕਰੀਕ,ਕੈਨਾਨਾਸਕਿਸ,ਫਿਸ਼ ਕਰੀਕ ਪਾਰਕ ਅਤੇ ਵੈਸਲਹੈਡ ਫਲੈਟ ਵਰਗੇ ਬਾਹਰੀ ਦਿੱਖ ਵਾਲੇ ਮੌਕੇ ਤੁਹਾਡੇ ਲਈ ਪ੍ਰਦਾਨ ਕਰਦਾ ਹੈ।
ਤੁਹਾਡੀ ਜੀਵਨਸ਼ੈਲੀ ਦੇ ਮੁਤਾਬਿਕ ਘਰ
ਐਵਾਰਡ ਜੇਤੂ ਬਿਲਡਿਰ
• NuVista Homes • Homes by Avi
• Genesis Builders • Sterling Homes
• Shane Homes • Broadview Homes
ਹੋਰ ਜਾਣਕਾਰੀ ਲਈ ਰਜਿਸਟਰ ਕਰੋ!
liveinvermilionhill.com
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities




BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com